ਨਾਨਕ ਪੰਥੀ ਸੂਚੀ

—ਵਲੋਂ ਗਿ: ਵੈਂਜਾ ਸਿੰਘ ਜੀ

੧. ਨਾਨਕ ਪੰਥੀ ਸ਼ਬਦ :-

ਭਾਰਤ ਮਤ ਮਤਾਂਤ੍ਰਾ ਦਾ ਦੇਸ਼ ਹੈ, ਵਖ ਵਖ ਸੰਪਰਦਾਵਾਂ ਦੇ ਅਨੁਆਈਆਂ ਦੇ ਲੋਕ ਸਭ ਤੋਂ ਵਡੇ ਅਚਾਰਜ ਦੇ ਨਾਮ ਨਾਲ ਆਪਣੇ ਆਪ ਨੂੰ ਸੰਬੰਧਤ ਕਰਦੇ ਹਨ, ਜਿਹਾ ਕਿ ਗੋਰਖ ਨੂੰ ਮੰਨਣ ਵਾਲੇ ਗੋਰਖ ਪੰਥੀ ਸਦਵਾਂਦੇ ਹਨ, ਕਬੀਰ ਨੂੰ ਮੰਨਣ ਵਾਲੇ ਕਬੀਰ ਪੰਥੀ, ਕੂੰਡਾ ਪੰਥੀ, ਸੰਨਿਆਸ ਪੰਥੀ ਆਦਿ। ਇਸੇ ਤਰ੍ਹਾਂ ਉਦਾਸੀ ਮਹਾਂ ਪੁਰਸ਼ਾਂ ਨੇ ਗੁਰੂ ਮਤ ਨੂੰ ਸਾਰੇ ਭਾਰਤ ਵਿਚ ਪਰਚਾਰਿਆ ਹੈ ਤੇ ਜੋ ਉਸ ਦੇ ਪੈਰੋਕਾਰ ਬਣੇ ਉਹ ਨਾਨਕ ਪੰਥੀ ਅਖਵਾਏ। ਪਰ ਮੌਜੂਦਾ ਸਮੇਂ ਵਿਚ ਨਾਨਕ ਪੰਥੀ ਸ਼ਬਦ ਨਾਮ ਮਾਤਰ ਕੁਝ ਸਾਧੂ ਵਿਦਵਾਨ ਕਦੇ ਕਦੇ ਵਰਤਦੇ ਹਨ, ਵੈਸੇ ਆਮ ਬੋਲ ਚਾਲ ਵਿਚ ਨਾਨਕ ਪੰਥੀ ਸ਼ਬਦ ਦੀ ਵਰਤੋਂ ਉੱਕੀ ਹੀ ਘਟ ਗਈ ਹੈ। ਕਾਰਨ ਇਹ ਕਿ ਸਿਖ ਮਤ ਗ੍ਰਿਹਸਤੀ ਮਤ ਹੋਣ ਕਰਕੇ ਇਸ ਦਾ ਵੇਸ ਸੰਨਿਆਸੀਆਂ ਬੈਰਾਗੀਆਂ ਵਾਲਾ ਨਹੀਂ। ਨਾਨਕ ਪੰਥੀ ਕੇਵਲ ਉਹੀ ਲੋਕ ਹਨ, ਜੋ ਵਖ ਵਖ ਉਦਾਸੀਆਂ ਦੀਆਂ ਗਦੀਆਂ ਤੇ ਹਨ ਜੋ ਕਿ ਹਰ ਪ੍ਰਾਂਤ ਵਿਚ ਹਨ। ਕਈ ਸੰਤਾਂ ਮਹਾਤਮਾਂ ਦੇ ਡੇਰਿਆਂ ਵਾਲੇ ਭੀ ਨਾਨਕ ਪੰਥੀ ਹਨ। ਇਹ ਗਦੀਆਂ ਉਦਾਸੀ ਮਤ ਦੇ ੪ ਧੂਏਂ ਤੇ ਛੇ ਬਖਸ਼ਸ਼ਾਂ ਵਿਚੋਂ ਹਨ। ਗੁਰਦੇਵ ਵਲੋਂ ਵਖ ਵਖ ਮਹਾਂ ਪੁਰਸ਼ਾਂ ਨੂੰ ਜੋ ਬਖਸ਼ਸ਼ਾਂ ਦਿਤੀਆਂ ਗਈਆਂ, ਉਨ੍ਹਾਂ ਨੇ ਨਾਨਕ ਮਤ ਦਾ ਪਰਚਾਰ ਕਰਕੇ ਕਰੋੜਾਂ ਬੰਦਿਆਂ ਨੂੰ ਗੁਰੂ ਮਤ ਅਵਲੰਬੀ ਬਣਾਇਆ ਜੋ ਨਾਨਕ ਪੰਥੀ ਸਦਵਾਏ। ਪਰੰਤੂ ਸਮੇਂ ਦੇ ਚਕਰ ਨੇ ਤੇ ਰਾਜਨੀਤਕ ਚਾਲ ਨੇ ਮੁੜ ਉਨ੍ਹਾਂ ਨੂੰ ਆਪਣੀ ਪੁਰਾਣੀ ਹਿੰਦੂ ਸੰਸਕ੍ਰਿਤੀ ਵਿਚ ਪੂਰੀ ਤਰ੍ਹਾਂ ਲਪੇਟ

ਲਿਆ ਹੈ । ਹੁਣ ਜੋ ਸੈਂਕੜੇ ਸਾਲਾਂ ਦੇ ਖਾਨਦਾਨ ਗੁਰੂ ਨਾਨਕ ਨੂੰ ਇਸ਼ਟ ਮੰਨਦੇ ਚਲੇ ਆ ਰਹੇ ਹਨ, ਬਾਣੀ ਨੂੰ ਆਪਣੀ ਕਲਿਆਨ ਦਾ ਸਾਧਨ ਮੰਨਦੇ ਹਨ, ਗੁਰੂ ਨਾਨਕ ਸਾਹਿਬ ਦਾ ਦਸਵੀਂ ਦਾ ਸਰਾਧ ਵੀ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਨਿਵਾਂਦੇ ਤੇ ਭੇਟ ਭੀ ਚੜ੍ਹਾਂਦੇ ਸਨ, ਕਟੜ ਹਿਦੂ ਹਨ ਤੇ ਆਪਣੇ ਆਪ ਨੂੰ ਸਿਖ ਨਹੀਂ ਸਦਾਂਦੇ । ਨਾ ਹੀ ਉਹ ਸਿਖੀ ਵਿਚ ਅਭੇਦ ਹੋਣ ਲਈ ਤਿਆਰ ਹਨ । ਇਸ ਲਈ ਨਾਨਕ ਪੰਥੀਆਂ ਨੂੰ ਛੇਤੀ ਨਾਲ ਜਥੇਬੰਦ ਕਰਨਾ ਅਸਾਨ ਨਹੀਂ, ਨਾ ਹੀ ਇਸ ਵੇਲੇ ਕੋਈ ਇਸ ਨਾਮ ਦੀ ਜਥੇਬੰਦੀ ਕਿਸੇ ਪ੍ਰਾਂਤ ਵਿਚ ਹੈ । ਉਦਾਸੀ ਸਾਧੂ ਸਾਡੇ ਨਾਲ ਰੁਸ ਬੈਠੇ ਹਨ । ਉਹ ਆਪਣੇ ਸੇਵਕਾਂ ਵਿਚ ਸਨਾਤਨ ਧਰਮ ਦਾ ਪਰਚਾਰ ਕਰਦੇ ਹਨ, ਗੁਰਦੁਆਰੇ ਬਨਾਉਣ ਦੀ ਥਾਂ ਮੰਦਰ ਤਿਆਰ ਕਰਦੇ ਹਨ । ਕੇਵਲ ਪੁਰਾਣੀ ਪਰੰਪਰਾਂ ਅਨੁਸਾਰ ਆਪਣੇ ਸੇਵਕਾਂ ਨੂੰ ਗੁਰਮੰਤਰ ਜ਼ਰੂਰ ਦਿੰਦੇ ਹਨ: ਜਿਸ ਕਰਕੇ ਅਜੇ ਬੀਜ ਮਾਤਰ ਗੁਰੂ ਦੀ ਸ਼ਰਧਾ ਉਨ੍ਹਾਂ ਵਿਚ ਕਾਇਮ ਹੈ, ਪਰਤੂ ਮਹਿਦੂਦ ਦਾਇਰੇ ਵਿਚ ਹਨ ।

੨. ਪੰਜਾਬ ਅਤੇ ਹਰਿਆਣੇ ਦੇ ਨਾਨਕ ਪੰਥੀ :-

ਨੰ: ੧—ਪੰਜਾਬ ਵਿਚ ਨਾਨਕ ਪੰਥੀਆਂ ਦਾ ਅਸਲ ਨਾਮ ਸਹਿਜਧਾਰੀ ਸਿਖ ਹੈ । ਇਹ ਬਟਵਾਰੇ ਵੇਲੇ ਜ਼ਿਆਦਾ ਤਰ ਪਛਮੀ ਪੰਜਾਬ ਤੇ ਫਰੰਟੀਅਰ ਵਿਚੋਂ ਉਜੜ ਕੇ ਪੂਰਬੀ ਪੰਜਾਬ ਤੇ ਹਰਿਆਣਾ, ਦਿੱਲੀ, ਯੂ. ਪੀ. ਆਦਿਕ ਕਈ ਪ੍ਰਾਂਤਾਂ ਵਿਚ ਵਸ ਗਏ ਹਨ ਤੇ ਸੰਬੰਧਤ ਡੇਰੇ ਵੀ ਜੋ ਉਨ੍ਹਾਂ ਦੇ ਅਕੀਦੇ ਨਾਲ ਸੰਬੰਧਤ ਸਨ, ਉਹ ਜਿਸ ੨ ਪ੍ਰਾਂਤ ਵਿਚ ਵਸੇ ਉਥੇ ਉਥੇ ਹੀ ਪਿਛਲੀ ਗਦੀ ਦੇ ਡੇਰੇ ਬਣਾ ਲਏ ਗਏ ਹਨ । ਜ਼ਿਲਾ ਹੁਸ਼ਿਆਰਪੁਰ ਸ਼ਹਿਰ ਵਿਚ ਬਾਬਾ ਜਵਾਹਰ ਸਿੰਘ ਦਾ ਡੇਰਾ ਹੈ ਜੋ ਮਿਠੇ ਟਿਵਾਣੇ ਦੀ ਗੱਦੀ ਹੈ, ਤੇ ਉਨ੍ਹਾਂ ਦੇ ਅਨੁਆਈ ਸਾਰੇ ਇਸੇ ਡੇਰੇ ਨਾਲ ਸੰਬੰਧਤ ਹਨ, ਜੋ ਬਹੁਤੇ ਸਹਿਜਧਾਰੀ ਹਨ ।

ਨੰ: ੨—ਜਗਾਧਰੀ ਪੰਡਿਤ ਨਿਸਚਲ ਸਿੰਘ ਦਾ ਡੇਰਾ ਗੁਰਦੁਆਰਾ ਸੰਤ ਸਰ ਹੈ, ਏਨ੍ਹਾਂ ਦੇ ਪੈਰੋਕਾਰ ਇਸ ਡੇਰੇ ਨਾਲ ਸਬੰਧਤ ਹਨ । ਇਹ ਗਦੀ ਅਡਣ ਸ਼ਾਹੀ ਸੇਵਾ ਪੰਥੀਆਂ ਦੀ ਹੈ ।

ਨੰ: ੩—ਰੋਹਤਕ ਸ਼ਹਿਰ ਵਿਚ ਗੁਰਦੁਆਰਾ ਗੁਰਦਰਸ਼ਨ ਸਿੰਘ ਹੈ ਇਹ ਝੰਗ ਮਘਿਆਣੇ ਦੀ ਗੱਦੀ ਹੈ, ਇਸ ਸ਼ਹਿਰ ਵਿਚ ਸਭ ਤੋਂ ਵਧੀਕ ਸਹਿਜਧਾਰੀ ਹਨ, ਇਥੇ ਕੁਝ ਹੋਰ ਵੀ ਸਹਿਜਧਾਰੀਆਂ ਦੇ ਅਸਥਾਨ ਹਨ ।

ਨੰ: ੪—ਬੰਦਈ ਸੰਪ੍ਰਦਾ ਦਾ ਡੇਰਾ-ਭਾਵੇਂ ਬੰਦਈ ਸੰਪ੍ਰਦਾ ਦਾ ਡੇਰਾ

ਬਾਬਾ ਬੰਦਾ ਸਿਘ ਰਿਆਸਤ ਜੰਮੂ ਵਿਚ ਹੈ, ਪਰ ਉਨ੍ਹਾਂ ਦੇ ਮੌਜੂਦਾ ਗੱਦੀ ਨਸ਼ੀਨ ਬਾਬਾ ਜਤਿੰਦਰਪਾਲ ਸਿੰਘ ਜੀ ਅਜ ਕਲ ਰੋਹਤਕ ਨਿਵਾਸ ਰਖਦੇ ਹਨ । ਸਾਰੀ ਬੰਦਈ. ਸੰਪ੍ਰਦਾ ਜਿਨ੍ਹਾਂ ਵਿਚ ਬਹੁਤਾਤ ਸਹਿਜਧਾਰੀ ਸਿਖਾਂ ਦਾ ਹੈ, ਦੇ ਮੁਖੀ ਮਾਨਨੀਯ ਭਾਈ ਰਾਮ ਲਾਲ ਰਾਹੀ ਹਨ । ਬਹੁਤੇ ਬੰਦਈ ਇਸ 'ਇਲਾਕੇ ਵਿਚ ਅਬਾਦ ਹੋਏ ਹਨ । ਜ਼ਿਲਾ ਹਿਸਾਬ ਵਿਚ ਵੀ ਕਈ ਬੰਦਈਆਂ ਦੇ ਪਿੰਡ ਹਨ ।

ਨੰ: ੫—ਮੁਲਤਾਨ ਡਵੀਜ਼ਨ ਵਿਚੋਂ ਆਏ ਲਖਾਂ ਸ਼ਰਨਾਰਥੀ ਜੋ ਸਾਰੇ ਹਰਿਆਣੇ ਵਿਚ ਅਬਾਦ ਹੋਏ ਹਨ, ਸਾਰੇ ਸਹਿਜਧਾਰੀ ਹਨ, ਪਿੰਡਾਂ ਵਿਚ ਗੁਰਦਵਾਰੇ ਹਨ, ਤੇ ਹਰਿਆਣੇ ਵਿਚ ਹਰ ਸ਼ਹਿਰ ਵਿਚ ਵਡੇ ਵਡੇ ਡੇਰੇ ਹਨ, ਜਿਹਾ ਕਿ ਕੈਥਲ, ਸਫੈਦੋ ਮੰਡੀ, ਜੀਂਦ, ਡੇਰਾ ਭੁੰਮਣ ਸ਼ਾਹੀ ਹਿਸਾਰ, ਨਾਰਨੌਲ ਆਦਿਕ । ਇਹ ਸਾਰੇ ਸਜਣ ਇਨ੍ਹਾਂ ਨਾਲ ਸੰਬੰਧਤ ਹਨ । ਇਨ੍ਹਾਂ ਡੇਰਿਆਂ ਦੀ ਗੁਰਪ੍ਰਣਾਲੀ ਕਾਇਮ ਹੈ । ਧਮਧਾਨ ਸਾਹਿਬ ਜ਼ਿਲਾ ਜੀਂਦ ਵਿਚ ਹੈ, ਜਿਥੇ ਦੁਸਹਿਰੇ ਤੇ ਹੋਲੇ ਦੇ ਸਮੇਂ ਹਜ਼ਾਰਾਂ ਜਾਟ ਨਾਨਕ ਪੰਥੀ ਆਉਂਦੇ ਹਨ, ਜੋ ਧਮਧਾਨ ਸਾਹਿਬ ਦੀ ਯਾਤਰਾ ਕਰਦੇ ਹਨ ।

ਨੰ: ੬—ਨਾਮਧਾਰੀ ਸੰਪ੍ਰਦਾ ਸਾਰੀ ਜ਼ਿਲਾ ਹਿਸਾਰ ਵਿਚ ਬੈਠੀ ਹੈ, ਇਹ ਸਾਰੇ ਕੇਸਾਧਾਰੀ ਹਨ, ਤਸੀਲ ਸਰਸਾ ਵਿਚ ੨੫ ਪਿੰਡ ਇਕੱਠੇ ਹਨ ਇਨ੍ਹਾਂ ਦੇ ਧਾਰਮਕ ਆਗੂ ਬਾਬਾ ਜਗਜੀਤ ਸਿੰਘ ਨਾਮਧਾਰੀ ਹਨ, ਜੋ ਮੌਜੂਦਾ ਗਦੀ ਨਸ਼ੀਨ ਹਨ । ਸਿਧਾਂਤਕ ਤੇ ਮਰਯਾਦਾ ਤੌਰ ਤੇ ਇਹ ਸਿਖ ਸਨਾਤਨੀ ਹਨ, ਇਨ੍ਹਾਂ ਵਿਚੋਂ ਮੰਡੀ ਸਕੇਤ ਵਿਚ ਭਾਰੀ ਗਿਣਤੀ ਪਹਾੜ ਵਿਚ ਵਸਦੀ ਹੈ ।

ਨੰ: ੭—ਨੀਲ ਧਾਰੀ-ਇਹ ਵੀ ਨਾਮਧਾਰੀ ! ਸੰਪ੍ਰਦਾ ਦਾ ਇਕ ਹਿਸਾ ਹੈ, ਜੋ ਵਖਰੀ ਗੱਦੀ ਬਣ ਗਈ ਹੈ, ਜਿਨ੍ਹਾਂ ਦਾ ਹੈਡ ਕੁਆਟਰ ਨੁਸ਼ਹਿਰਾ ਮੱਜਾ ਸਿੰਘ (ਗੁਰਦਾਸਪੁਰ) ਬਟਾਲੇ ਤੋਂ ੭ ਮੀਲ ਦੂਰ ਗੁਰਦਾਸਪੁਰ ਸੜਕ ਤੇ ਹੈ, ਜਿਨ੍ਹਾਂ ਦੇ ਧਾਰਮਕ ਆਗੂ ਬਾਬਾ ਹਰਨਾਮ ਸਿੰਘ ਜੀ ਚੰਗੇ ਮਹਾਂ ਪੁਰਸ਼ ਤੇ ਨਾਮ ਬਾਣੀ ਦੇ ਰਸੀਏ ਹਨ । ਇਹ ਸਿਖ ਰਾਜ ਹੋਣ ਤੇ ਅਕੀਦਾ ਰਖਦੇ ਹਨ, ਇਨ੍ਹਾਂ ਦੇ ਅਨੁਆਈ ਸਿਰ ਤੇ ਨੀਲਾ ਤ੍ਰਿਕੁਟ (ਪਟਕਾ) ਤੇ ਲਕ ਨਾਲ ਨੀਲਾ ਕਮਰਕਸਾ ਬੰਨਦੇ ਹਨ, ਇਨ੍ਹਾਂ ਦਾ ਦੂਜਾ ਡੇਰਾ ਬੈਜਨਾਥ ਜ਼ਿਲਾ ਕਾਂਗੜਾ ਵਿਚ ਹੈ, ਮੰਡੀ ਸਕੇਤ ਤੇ ਕੁਲੂ ਤਕ ਇਨ੍ਹਾਂ ਦੇ ਪੈਰੋਕਾਰ ਭਾਰੀ ਗਿਣਤੀ ਵਿਚ ਹਨ, ਇਹ ਵੀ ਸਾਰੀ ਸੰਪ੍ਰਦਾ ਕੇਸਾਧਾਰੀ ਹੈ ।

੩. ਜ਼ਿਲਾ ਕਾਂਗੜਾ ਦੇ ਨਾਨਕ ਪੰਥ

੧. ਜ਼ਿਲਾ ਕਾਂਗੜਾ ਜੋ ਪੰਜਾਬ ਦਾ ਹੀ ਇਕ ਵਡਾ ਹਿਸਾ ਸੀ ਤੇ ਹੁਣ ਹਿਮਾਂਚਲ ਵਿਚ ਚਲਾ ਗਿਆ ਹੈ. ਵਿਚ ਨੂਰਪੁਰ ਤੋਂ ਲੈ ਕੇ ਬੈਜਨਾਥ ਤੇ ਚੰਬਾ ਰਿਆਸਤ ਤਕ ਇਕ ਬਹੁਤ ਵਡੀ ਬਰਾਦਰੀ ਵਸਦੀ ਹੈ ਜਿਨ੍ਹਾਂ ਦੀ ਗਿਣਤੀ ੫ ਲਖ ਤੋਂ ਵਧੀਕ ਹੈ। ਇਹ ਹੈ ਚਾਂਗ ਬਰਾਦਰੀ। ਇਨ੍ਹਾਂ ਨੂੰ ਘਿਰਤ ਤੇ ਬਾਹਤੀ ਵੀ ਸਦਿਆ ਜਾਂਦਾ ਹੈ। ਜ਼ਿਲਾ ਹੁਸ਼ਿਆਰਪੁਰ ਵਿਚ ਥਾਨਾ ਹਾਜ਼ੀਪੁਰ ਤੇ ਮੁਕੇਰੀਆਂ ਵਿਚ ਵੀ ਇਹ ਭਾਰੀ ਗਿਣਤੀ ਵਿਚ ਵਸਦੇ ਹਨ, ਜੋ ਸਾਰੇ ਨਾਨਕ ਪੰਥੀ ਹਨ. ਇਨ੍ਹਾਂ ਵਿਚ ੧੦ ਫੀ ਸਦੀ ਲੋਕ ਕੇਸਾਂ ਧਾਰੀ ਵੀ ਹਨ। ਇਨ੍ਹਾਂ ਦੇ ਪਿੰਡਾਂ ਵਿਚ ਗੁਰਦੁਆਰੇ ਵੀ ਹਨ, ਪਰੰਤੂ ਇਹ ਕਾਂਗੜਾ ਨਿਵਾਸੀ ਸਾਰੇ ਡੇਹਰਾ ਵਡਭਾਗ ਸਿੰਘ ਦੀ ਗਦੀ ਨੂੰ ਮੰਨਦੇ ਹਨ ਤੇ, ਇਨ੍ਹਾਂ ਵਿਚ ਮਸੰਦ ਪਰਣਾਲੀ ਵੀ ਕਾਇਮ ਹੈ। ਇਹ ਲੱਖਾਂ ਦੀ ਤਦਾਦ ਵਿਚ ਵੈਸਾਖੀ ਨੂੰ ਡੇਹਰਾ ਵਡਭਾਗ ਸਿੰਘ ਪੁਜਦੇ ਹਨ ਤੇ, ਆਪਨਿਆਂ ਨਵ ਜੰਮੇਂ ਬੱਚਿਆਂ ਦੇ ਮੂਲ ਪਵਾ ਕੇ ਕੇਸ ਮੁੰਡਾਂਦੇ ਹਨ, ਜਦ ਤਕ ਬੱਚੇ ਦੀ ਭੇਟਾ ਗੁਰੂਕਿਆਂ ਨੂੰ ਨ ਦੇਣ ਤਦ ਤਕ ਬੱਚਾ ਗੁਰੂ ਕਾ ਕੇਸਾਂਧਾਰੀ ਰਵੇਗਾ ਜਦੋਂ ਮਸੰਦਾਂ ਰਾਹੀਂ ਨੀਯਤ ਰਕਮ ਗੁਰੂਕਿਆਂ ਨੂੰ ਚੜ੍ਹਾ ਦੇਣ, ਫੇਰ ਬਚੇ ਦਾ ਮੁੰਡਨ ਸੰਸਕਾਰ ਕਰਦੇ ਹਨ ਭਾਵ (ਹਿੰਦੂ ਬਣਾ ਲੈਂਦੇ ਹਨ)।

ਬਾਬਾ ਗੁਰਦਿੱਤਾ, ਦੀਨ ਦੁਨੀ ਦਾ ਟਿਕਾ, ਕੀਰਤਪੁਰ ਸਾਹਿਬ ਦੀ ਸਿਖੀ

(੨) ਇਹ ਪਹਾੜੀ ਲੋਕ ਸਾਰੇ ਕੀਰਤਪੁਰ ਦੇ ਆਸ ਪਾਸ ਪਹਾੜ ਵਿਚ ਵਸਦੇ ਹਨ, ਜਿਨ੍ਹਾਂ ਵਿਚੋਂ ਗੁਜਰ-ਕਨੈਤ-ਚਾਂਹਗ ਬਰਾਦਰੀ ਅਤੇ ਰਾਜਪੂਤ ਵੀ ਸਰਧਾ ਰਖਦੇ ਹਨ, ਇਹ ਸਾਰੇ ਦਿਵਾਲੀ ਦੇ ਮੇਲੇ ਸਮੇਂ ਕੀਰਤਪੁਰ ਬਾਬੇ ਦੀ ਯਾਤਰਾ ਕਰਕੇ ਮੰਨਤ ਸੁਖਨਾ ਚਾਹੜਦੇ ਤੇ ਫਿਰ ਬਾਬੇ ਦੇ ਦਰਬਾਰ ਦੇ ਹੇਠ ਆ ਕੇ ਬੱਚਿਆਂ ਦੇ ਸਿਰ ਮੁੰਨਾਂਦੇ ਹਨ।

(੩) ਪਹਾੜ ਵਿਚ ਮੰਗੂਵਾਲ ਜ਼ਿਲਾ ਕਾਂਗੜਾ ਏਰੀਏ ਵਿਚ ਘੁਮਿਆਰ ਬਰਾਦਰੀ ਭਾਰੀ ਗਿਣਤੀ ਵਿਚ ਵਸਦੀ ਹੈ, ਜਿਨ੍ਹਾਂ ਵਿਚੋਂ ਸੰਤ ਧਰਮ ਸਿੰਘ ਜੀ ਪਿੰਡ ਦਰੋਕਾ ਵਾਲੇ ਹਨ। ਜਿਨ੍ਹਾਂ ਨੇ ਆਪਣੇ ਇਲਾਕੇ ਅੰਦਰ ਬਿਅੰਤ ਸਿਖ ਸਜਾਏ ਹਨ, ਇਨ੍ਹਾਂ ਦਾ ਪੰਜਰਾਲ ਵਡਾ ਪਿੰਡ ਅੰਮ੍ਰਿਤ ਧਾਰੀ ਸਿੰਘਾਂ ਦਾ ਹੈ। ੭-੮ ਪਿੰਡਾਂ ਵਿਚ ਗੁਰਦੁਆਰੇ ਹਨ। ਇਹ ਭਾਈ ਨਾਨੂੰ ਜੋ ਮਹਾਰਾਜ ਗੁਰੂ ਹਰਿਗੋਬਿੰਦ ਸਾਹਿਬ ਦੇ ਇਕ ਵਡੇ ਸੂਰਮੇ ਸਨ, ਦੀ ਸੰਤਾਨ ਹਨ, ਇਹ ਸਾਰੇ ਇਲਾਕੇ ਵਿਚ ਮਸੰਦ ਹਨ, ਕਾਰ ਭੇਟ ਉਗਰਾਹੁੰਦੇ ਹਨ ਤੇ ਰਾਜਪੂਤਾਂ ਵਿਚ ਵੀ ਗੁਰੂ ਬਾਬੇ ਦਾ

ਪਰਚਾਰ ਕਰਦੇ ਹਨ, ਜਵਾਂ ਵਾਲ ਸ਼ਹਿਰ ਵਿਚ ਤੇ ਇਲਾਕੇ ਵਿਚ ਭਾਰੀ ਗਿਣਤੀ ਵਿਚ ਵਸਦੇ ਹਨ। ਸਾਰੇ ਪਹਾੜ ਵਿਚ ਇਸ ਜਾਤੀ ਦਾ ਧਾਰਮਿਕ ਅਕੀਦਾ ਨਾਨਕ ਪੰਥੀ ਹੈ। ਜ਼ਿਲ੍ਹਾ ਕਾਂਗੜਾ ਵਿਚ ਸ਼ਾਹਪੁਰ ਤੋਂ ਚੰਬੇ ਨੂੰ ਜਾਣ ਵਾਲੀ ਸੜਕ ਤੇ ਥਾਨਾ ਸੀਮਤਾਂ ਵਿਚ ਬਡਾਨੀ ਟੀਕਾ ਇਕ ਪਿੰਡ ਹੈ। ਜਿਥੋਂ ਦੇ ਭਾਈ ਗੋਲਾ ਜੋ ਗੁਰੂ ਤੇਗਬਹਾਦਰ ਦੇ ਖਿਡਾਵੇ ਸਨ, ਦੀ ਸੰਤਾਨ ਵਸਦੀ ਹੈ। ਉਨ੍ਹਾਂ ਪਾਸ ਗੁਰੂ ਹਰਿਗੋਬਿੰਦ ਸਾਹਿਬ ਦੀ ਹਥ ਲਿਖਤ ਬਾਣੀ ਦੀ ਪੋਥੀ ਹੈ, ਉਸ ਇਲਾਕੇ ਵਿਚ ਇਹ ਮਸੰਦ ਗੁਰੂ ਕਾ ਪਰਚਾਰ ਕਰਦੇ ਹਨ, ਹਜ਼ਾਰਾਂ ਲੋਕ ਇਨ੍ਹਾਂ ਦੇ ਪਹਾੜੀ ਸ਼ਰਧਾਲੂ ਹਨ ਤੇ ਇਸ ਗੱਦੀ ਨੂੰ ਮੰਨਦੇ ਹਨ।

੪. ਸਿੰਧੀ ਨਾਨਕ ਪੰਥੀ

ਸਿੰਧ ਸੂਬਾ ਦੀ ਸਭ ਤੋਂ ਵਡੀ ਗਦੀ ਉਦਾਸੀ ਸੰਤਾਂ ਦੀ ਸਿੰਧਬੇਲਾ ਸਖਰ ਸੀ ਜੋ ਲਖਨਊ ਵਾਲੀ ਗੱਦੀ ਮੀਆਂ ਸਾਂਹੀ ਉਦਾਸੀ ਸੰਤਾਂ ਵਿਚੋਂ ਸੀ ਜਿਸ ਨੇ ਲਖਾਂ ਲੋਕਾਂ ਵਿਚ ਗੁਰਮਤ ਦਾ ਪਰਚਾਰ ਕੀਤਾ ਤੇ ਸਾਰੇ ਸਿੰਧ ਨੂੰ ਨਾਨਕ ਪੰਥੀ ਬਣਾਇਆ। ਇਸ ਗੱਦੀ ਦੇ ਉਦਾਸੀ ਸੰਤ ਸਾਧ ਨਾਮ ਨੇ ਕਾਬਲ ਵਿਚ ਸਿਖੀ ਦਾ ਪ੍ਰਚਾਰ ਕੀਤਾ ਜਿਸ ਦਾ ਜ਼ਿਕਰ ਮੁਹਸਨ ਫਾਨੀ ਨੇ ਦਬਿਸਤਾਨ ਮਜ਼ਾਹਿਬ ਵਿਚ ਕੀਤਾ ਹੈ। ਪਾਕਿਸਤਾਨ ਬਣਨ ਵੇਲੇ ਇਹ ਲੋਕ ਉਥੋਂ ਉਜੜ ਕੇ ਰਾਜਸਥਾਨ, ਮਹਾਰਾਸ਼ਟਰਾ ਤੇ ਗੁਜਰਾਤ ਸੂਬੇ ਵਿਚ ਜਾ ਵਸੇ ਹਨ; ਇਹ ਲੋਕ ਜਿਥੇ ਵੀ ਵਸੇ ਹਨ, ਇਨ੍ਹਾਂ ਨੇ ਵਡੇ ਵਡੇ ਗੁਰਦੁਆਰੇ ਬਣਾਏ ਹਨ। ਇਹ ਸਾਰੇ ਸਹਿਜਧਾਰੀ ਹਨ। ਸਵਾਏ ਮਲੇਰ ਕੋਟਲਾ ਦੇ ਜੋ ਇਕੋ ਗਦੀ ਕੇਸ਼ਾਧਾਰੀ ਸਿੰਘਾਂ ਦੀ ਸਿੰਧੀਆਂ ਵਿਚੋਂ ਹੈ, ਉਨ੍ਹਾਂ ਦੇ ਪੈਰੋਕਾਰ ਜਿਥੇ ਵੀ ਹਨ, ਕੇਸਾਧਾਰੀ ਹਨ ਤੇ ਆਪਣੀ ਸੰਤਾਨ ਨੂੰ ਸਿੱਖ ਬਣਾਉਂਦੇ ਹਨ। ਬਾਕੀ ਸਿੰਧੀ ਕੋਈ ਕੇਸਾਧਾਰੀ ਨਹੀਂ ਬਣਦਾ, ਇਨ੍ਹਾਂ ਦਾ ਅਕੀਦਾ ਸਨਾਤਨੀ ਹਿੰਦੂਆਂ ਦਾ ਹੈ। ਇਹ ਗੁਰੂ ਗ੍ਰੰਥ ਸਾਹਿਬ ਦੇ ਵਡੇ ਪੁਜਾਰੀ ਹਨ ਤੇ ਨਾਲ ਨਾਲ ਮੂਰਤੀ ਪੂਜ ਵੀ ਹਨ। ਵਿਆਹ ਸ਼ਾਦੀਆਂ ਜ਼ਿਆਦਾ ਹਿੰਦੂ ਰੀਤੀ ਨਾਲ ਹੀ ਕਰਦੇ ਹਨ। ਗੁਰੂ ਨਾਨਕ ਸਾਹਿਬ ਦਾ ਗੁਰਪੁਰਬ ਮਨਾਂਦੇ ਹਨ, ਸਰਧਾ ਨਾਲ ਦਸਵੀਂ ਦਾ ਸਰਾਧ ਵੀ ਕਰਦੇ ਹਨ, ਬਾਕੀ ਗੁਰਪੁਰਬ ਕਿਸੇ ਥਾਂ ਤੇ ਹੀ ਮੰਨਾ ਲਿਆ ਜਾਂਦਾ ਹੈ, ਨਹੀਂ ਤਾਂ ਪਾ: ੧੦ ਦਾ ਪੁਰਬ ਮਨਾਂਦੇ ਡਰਦੇ ਹਨ। ਸਿਧ ਵਿਚ ਮੁਸਲਮਾਨਾਂ ਦੀ ਅਬਾਦੀ ਜ਼ਿਆਦਾ ਹੋਣ ਕਰ ਕੇ ਉਨ੍ਹਾਂ ਤੋਂ ਡਰਦੇ ਸਨ। ਮਧ ਪਰਦੇਸ਼ ਵਿਚ ਇੰਦੋਰ ਬੜਾ ਭਾਰੀ ਸਿਧੀਆਂ ਦਾ ਸੈਂਟਰ ਹੈ, ਬੰਬੇ ਤੋਂ ਉਰੇ ਕਲਿਆਨ ਵਿਚ ਸਚਖਡ ਦਰਬਾਰ ਗੁਰਦਵਾਰਾ ਹੈ, ਜਿਸ ਤੇ ਲਖਾਂ ਰੁਪੈ ਲਗਾਏ ਹਨ, ਇਨ੍ਹਾਂ ਨੇ ਬਣਾਇਆ ਹੈ। ਪੂਨੇ ਵਿਚ ਭਾਰੀ ਗਿਣਤੀ ਵਿਚ ਵਸਦੇ ਹਨ। ਬੰਗਲੌਰ ਤੇ ਰਾਜਸਥਾਨ ਵਿਚ ਪਾਲੀ ਜੰਕਸ਼ਨ ਮਾਰਵਾੜ ਵਿਚ ਬਹੁਤ ਗਿਣਤੀ ਵਿਚ ਅਬਾਦ

ਹਨ। ਪਰੰਤੂ ਸਿਖ ਅਖਵਾਨ ਤੋਂ ਬੜਾ ਗਰੇਜ ਕਰਦੇ ਹਨ। ਕੇਵਲ ਇਸ਼ਟ ਦੀ ਬਿਨਾ ਨਾਲ ਸਿੱਖੀ ਦੀ ਸਾਂਝ ਹੈ, ਦੁਬਾਰਾ ਸਿਖੀ ਪਰਚਾਰ ਹਿਤ ਸਿੰਧ ਮਿਸ਼ਨ ਮੁੜ ਕਾਇਮ ਨਹੀਂ ਹੋ ਸਕਿਆ। ਪਹਿਲਾਂ ਇਨ੍ਹਾਂ ਵਿਚ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਸਿੰਧ ਸਿਖ ਮਿਸ਼ਨ ਪਰਚਾਰ ਕਰਦਾ ਸੀ।

੫. ਦਿੱਲੀ :-

ਦਿੱਲੀ ਸੂਬੇ ਦੀ ਵਸੋਂ ੩੦ ਲਖ ਤੋਂ ਵਧੀਕ ਹੈ। ੮੦ ਫੀ ਸਦੀ ਅਬਾਦੀ ਪਜਾਬੀ ਹਿੰਦੂ ਤੇ ਸਿਖਾਂ ਦੀ ਹੈ। ੨੦੦ ਤੋਂ ਵਧੀਕ ਸਿੰਘ ਸਭਾਵਾਂ ਹਨ, ਸੈਂਕੜਿਆਂ ਦੀ ਗਿਣਤੀ ਵਿਚ ਛੋਟੇ ਵਡੇ ਆਪਣੇ ਆਪਣੇ ਵਿਅਕਤੀਗਤ ਗੁਰਦੁਆਰੇ ਬਣੇ ਹੋਇ ਹਨ। ਜਿਨ੍ਹਾਂ ਵਿਚ ਲਖਾਂ ਸਹਿਜਧਾਰੀ ਸ਼ਾਮਲ ਹੁੰਦੇ ਹਨ। ਪੂਰੀ ਵਾਕਫ਼ੀ ਦਿਲੀ ਕਮੇਟੀ ਤੋਂ ਪ੍ਰਾਪਤ ਕਰਨੀ ਚਾਹੀਦੀ ਹੈ। ਕੁਝ ਬਸਤੀਆਂ ਵਿਚ ਸਹਿਜਧਾਰੀ ਗੱਦੀਆਂ ਦੇ ਅਸਥਾਨ ਭੀ ਹਨ।

੬. ਯੂ. ਪੀ. ਦੇ ਨਾਨਕ ਪੰਥੀ :-

ਯੂ. ਪੀ. ਵਿਚ ਨਾਨਕ ਪੰਥੀਆਂ ਦਾ ਸਭ ਤੋਂ ਵਡਾ ਅਸਥਾਨ ਜ਼ਿਲਾ ਪੀਲੀ ਭੀਤ ਵਿਚ ਨਾਨਕ ਮਤਾ ਹੈ, ਜਿਥੇ ਗੁਰੂ ਨਾਨਕ ਦੇਵ ਜੀ ਦਾ ਪਰਸਿੱਧ ਗੁਰਦੁਆਰਾ ਹੈ ਤੇ ਬਾਬੇ ਅਲਮਸਤ ਦੀ ਗੱਦੀ ਹੈ, ਜੋ ਉਦਾਸੀਆਂ ਦੇ ੪ ਧੂੰਇਆਂ ਵਿਚੋਂ ਇਕ ਹੈ, ਇਥੇ ਉਹ ਪਿਪਲ ਹੈ ਜੋ ਸਿਧਾਂ ਨੇ ਆਪਣੇ ਯੋਗ ਬਲ ਕਰਕੇ ਉਡਾ ਦਿੱਤਾ ਸੀ, ਗੁਰਦੇਵ ਨੇ ਉਸ ਨੂੰ ਪੰਜਾ ਲਾ ਕੇ ਰੋਕ ਲਿਆ, ਉਸ ਪਿਪਲ ਦੀ, ਤੇ ਪੰਜੇ ਦੀ ਬੜੀ ਭਾਰੀ ਪੂਜਾ ਹੁੰਦੀ ਹੈ। ਇਸ ਪਿਪਲ ਨੂੰ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਫਿਰ ਜੋਗੀਆਂ ਨੇ ਅੱਗ ਲਾ ਕੇ ਸਾੜ ਦਿਤਾ ਸੀ। ਬਾਬੇ ਅਲਮਸਤ ਨੇ ਅਨ, ਜਲ ਤਿਆਗ ਕੇ ਗੁਰੂ ਹਰਿਗੋਬਿੰਦ ਸਾਹਿਬ ਦੀ ਅਰਾਧਨਾ ਕੀਤੀ। ਮਹਾਰਾਜ ਅੰਮ੍ਰਿਤਸਰ ਤੋਂ ਨਾਨਕ ਮਤੇ ਪੁਜੇ। ਜੋਗੀ ਡਰਦੇ ਭਜ ਗਏ। ਮਹਾਰਾਜ ਨੇ ਦੁਬਾਰਾ ਪਿਪਲ ਨੂੰ ਕੇਸਰ ਦਾ ਛਿਟਾ ਦੇ ਕੇ ਹਰਾ ਕੀਤਾ। ਅਜ ਤਕ ਪਿਪਲ ਦੇ ਪਤਿਆਂ ਤੇ ਕੇਸਰ ਦੇ ਛਿੱਟੇ ਨਜ਼ਰ ਆਉਂਦੇ ਹਨ। ਹਨ। ਇਸ ਅਸਥਾਨ ਤੇ ਦਿਵਾਲੀ ਨੂੰ ਬੜਾ ਭਾਰੀ ਪੁਰਬ ਲਗਦਾ ਹੈ। ਪੰਜਾਹ ਹਜ਼ਾਰ ਨਾਨਕ ਪੰਥੀ ਇਥੇ ਇਕੱਤਰ ਹੁੰਦੇ ਹਨ। ਇਹ ਨਾਨਕ ਪੰਥੀ ਜ਼ਿਲਾ ਬਰੇਲੀ, ਨੈਨੀਤਾਲ, ਪੀਲੀ ਭੀਤ, ਗੋਰਖਪੁਰ ਆਦਿਕ ਥਾਵਾਂ ਤੋਂ ਪਰਵਾਰਾਂ ਸਮੇਤ ਆਉਂਦੇ ਹਨ। ਬੜੀ ਭਾਰੀ ਅਕੀਦਤ ਰਖਦੇ ਹਨ। ਆਪਣੀ ਕ੍ਰਿਤ ਕਮਾਈ ਵਿਚੋਂ ਜਥਾ ਸ਼ਕਤ ਭੇਟਾ ਚੜ੍ਹਾਂਦੇ ਹਨ। ਗੁਰੂ

ਕੇ ਲੰਗਰ ਵਿਚੋਂ ਕੇਵਲ ੧ ਪਰਸ਼ਾਦਾ ਲੈ ਕੇ ਸਾਰਾ ਪਰਵਾਰ ਗੁਰੂ ਕੀ ਬਖਸ਼ਸ਼ ਸਮਝ ਕੇ ਛਕਦਾ ਹੈ। ਗੁਰੂ ਕੇ ਦਰਬਾਰ ਨਾਨਕ ਮਤੇ ਵਿਚ ਅਰਦਾਸ ਕਰਕੇ ਕੜਾ ਪਹਿਨਦੇ ਹਨ। ਇਕ ਕੜੇ ਦੀ ਭੇਟਾ ਸਵਾ ਰੁਪਏ ਤੋਂ ਲੈ ਕੇ ੫) ਤਕ ਚੜ੍ਹਾਂਦੇ ਹਨ। ਇਸ ਵਾਰੀ ਦੀਵਾਲੀ ਤੇ ਗੁਰਦੁਆਰਾ ਕਮੇਟੀ ਨਾਨਕ ਮਤਾ ਵਲੋਂ ਦਸ ਹਜ਼ਾਰ ਕੜਾ ਪਹਿਨਾਇਆ ਗਿਆ।

ਇਸੇ ਹਲਕੇ ਵਿਚ ਸ੍ਰੀ ਨਾਨਕ ਸਾਗਰ ਦੇ ਆਸ ਪਾਸ ੫੦ ਮੀਲ ਏਰੀਏ ਵਿਚ ਥਾਰੂ ਜਾਤੀ ਵਸਦੀ ਹੈ, ਜੋ ਕਿਸਾਨ ਹਨ, ਤੇ ਆਪਣੀਆਂ ਜ਼ਮੀਨਾਂ ਦੇ ਮਾਲਕ ਹਨ, ਪਿੰਡਾਂ ਦੇ ਪਿੰਡ ਇਸੇ ਜਾਤੀ ਦੇ ਹਨ, ਜਿਨ੍ਹਾਂ ਦਾ ਵੇਸ ਪਹਾੜੀ ਗੁਜਰਾਂ ਵਰਗਾ ਭੂਸਾ ਹੈ ਤੇ ਨਸਲ ਮੰਗੋਲ ਜਾਤੀ ਨਾਲ ਮਿਲਦੀ ਹੈ। ਨਿਪਾਲੀ ਗੋਰਖਿਆਂ ਵਾਂਗ ਨਕ, ਫੀਨ੍ਹੇ ਹਨ, ਇਨ੍ਹਾਂ ਦੀ ਵਸੋਂ ੨ ਲਖ ਤੋਂ ਵਧੀਕ ਹੈ, ਜੋ ਸਾਰੀ ਨਾਨਕ ਪੰਥੀ ਹੈ। ਦਿਵਾਲੀ ਦੇ ਪੁਰਬ ਸਮੇਂ ਇਨ੍ਹਾਂ ਦੀ ਯਾਤਰਾ ਦੋ ਦਿਨ ਪਿਛੋਂ ਸ਼ੁਰੂ ਹੁੰਦੀ ਹੈ ਤੇ ੧ ਹਜ਼ਾਰ ਬੈਲ ਗੱਡੀ ਦੇ ਕਰੀਬ ਇਨ੍ਹਾਂ ਦੀ ਯਾਤਰਾ ਆਉਂਦੀ ਹੈ, ੪ ਦਿਨ ਲਗਾਤਾਰ ਯਾਤਰਾ ਕਰਦੇ ਹਨ। ਇਹ ਬੜੀ ਸ਼ਰਧਾ ਰਖਦੇ। ਮਹਾਰਾਜ ਦੇ ਦਰਬਾਰ ਵਿਚ ਆ ਕੇ ਇਹ ਇਤਿਹਾਸਕ ਗੀਤ ਗਾਉਂਦੇ ਹਨ।

"ਹਮਰੇ ਬਾਬਾ ਜੀ ਸੇਂ ਗਰਬ ਕਰੋ ਸੋਈ ਹਾਰੋ।:" "ਰੇ ਹਮਰੇ ਬਾਬਾ ਜੀ ਸੇ ਏਕ ਗਰਬ ਕਰੋ।" ਗੋਰਖ ਨੇ ਬਾਬਾ ਜੀ ਸੇ ਪੀਪਲ ਜੜ ਸੇ ਹਵਾ ਮ ਉਖਾਰੋ।

ਟੇਕ–ਹਮਰੇ ਬਾਬਾ ਜੀ ਸੇ ਗ:.........

ਲਾਇਓ ਜੋ ਪੰਜਾ ਮੇਰੇ ਬਾਬਾ ਗੁਰੂ ਨਾਨਕ ਜੀ ਨੇ ਪੀਪਲ ਵੀ ਕਹਿਨਾ ਬਾਬਾ ਮਾਨੇਗੋ ਤਿਹਾਰੋ–ਗਰਬ ਕਰੋ ਸੋਈ ਹਾਰੋ।

ਏਕ ਗਰਬ ਕਰੋ ਫੇਰ ਜੋਗੀਆਂ ਪੰਜਾ ਜੀ ਪੈ ਭਸਮ ਕਰ ਡਾਰੋ—ਹਮਰੇ ਬਾਬਾ ਆਇਓ ਜੋ ਪੰਜਾ ਜੀ ਪੈ ਅੰਮ੍ਰਿਤਸਰੋਂ ਬਾਬਾ ਤਰਵਾਰ ਵਾਰੋ।

ਕੇਸਰ ਕਾ ਛੀਂਟਾ ਦੇ ਕੇ ਪੀਪਲ ਹਰਾ ਕਰ ਡਾਰੋ।

ਹਮਰੇ ਬਾਬਾ ਜੀ ਪੈ ਗਰਬ ਕਰੋ ਸੋਈ ਹਾਰੋ।

ਫੇਰ ਇਹ ਦੀਵੇ ਜਗਾ ਕੇ ਪੰਜੇ ਦੀ ਆਰਤੀ ਕਰਦੇ ਹਨ, ਆਪਣੀ ਭਾਸ਼ਾ ਵਿਚ ਹੋਰ ਗੀਤ ਗਾਉਂਦੇ ਹਨ :—

ਦੂਜਾ ਗੀਤ

ਜੈ ਪੰਜਾ ਜੀ ਪੋ ਦੀਪਕ ਜੋਰ ਧਰੇ ਜੇ ਪੰਜਾ ਜੀ ਪੋ ।

ਕਾਹੇ ਕੋ ਦੀਅਰਾ ਕਾਹੇ ਕੀ ਬਾਤੀ ਰੇ ਬਾਬਾ ਕਾਹੇ ਕੋ ਘਿਰਤ ਜਰੈ- ਜੈ ਪਜਾ ਜੀ ਪੋ...ਸੋਨੇ ਕਾ ਦੀਵਰਾ ਕਾਪੂਰ ਕੀ ਬਾਤੀ ਰੇ ਬਾਬਾ ਸੁਰਹੀ ਕੇ ਘਿਰਤ ਜਰੇ ।

ਜੈ ਪੰਜਾ......

ਕੌਨ ਦੀਵਰਾ ਕੋ ਲਿਆਵਨ ਵਾਰੋ ਕਿਨਹ ਸੰਜੋਈ ਧਾਮੇ ਬਾਤ ਰੇ ਬਾਬਾ ਕਿਨ ਏ ਜੋਰ ਧਰੈ । ਜੈ ਪੰਜਾ......

ਮਰਦਾਨਾ ਦੀਵਰਾ ਕੋ ਲਿਆਵਨ ਹਾਰੋ, ਬਾਲਾ ਸੰਜੋਈ ਧਾਮੇ ਬਾਤੀ ਰੇ ਬਾਬਾ ਸੇਵਕ ਜੋਰ ਧਰੈ । ਜੈ ਪੰਜਾ ਜੀ ਪੋ......।

ਜਥਾ ਸ਼ਕਤ ਏਹ ਗੁਰੂ-ਨਾਨਕ ਦਰਬਾਰ ਵਿਚ ਨਕਦੀ-ਜਿਨਸ ਘਿਉ ਭੇਟਾ ਕਰਦੇ ਹਨ । ਵਾਪਸੀ ਸਮੇਂ ਮਹਾਰਾਜ ਦੇ ਧੂਏ ਦੀ ਸਵਾਹ ਰੱਖ ਦੇ ਡੌਰ ਘਰ ਵਿਚ ਖੜਦੇ ਹਨ । ਜੈਕਾਰਾ ਬੋਲਾਂਦੇ ਹਨ ਬੋਲ ਗੁਰੂ ਨਾਨਕ ਮਹਾਰਾਜ ਦੀ ਜੈ, ਸਾਚੇ ਦਰਬਾਰ ਦੀ ਜੈ ।

ਅਜ ਤਕ ਇਸ ਜਾਤੀ ਵਿਚ ਕੋਈ ਪਰਚਾਰ ਦਾ ਸਾਧਨ ਨਹੀਂ ਬਣਿਆ । ਸ਼ਾਇਦ ਬਾਰੂ ਜਾਤੀ ਦਾ ਨਾਮ ਵੀ ਸਿਖ ਜਗਤ ਵਿਚ ਅਗੇ ਸੁਣਿਆ ਨ ਹੋਵੇ ।

੨. ਜ਼ਿਲਾ ਮੁਰਾਦਾਬਾਦ ਵਿਚ ਨਾਨਕ ਪੰਥੀ ਜੱਟ-ਜ਼ਿਲਾ ਮੇਰਠ ਮੁਜ਼ਫਰ ਨਗਰ ਜੋ ਦਰਿਆ ਗੰਗਾ ਦੇ ਨਾਲ ਤਸੀਲ ਅਮਰੋਹਾ ਵਿਚ ੭੦੦ ਸੌ ਪਿੰਡਾਂ ਵਿਚ ਅਬਾਦ ਹਨ । ਇਹ ਪੁਰਾਣੇ ਸਮੇਂ ਪੰਜਾਬ ਵਿਚੋਂ ਗਏ ਹੋਏ ਹਨ । ਅਕੀਦੇ ਕਰਕੇ ਸਾਰੇ ਸਿੱਖ ਧਰਮ ਨੂੰ ਮੰਨਦੇ ਹਨ । ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ੩੦ ਸਾਲਾਂ ਤੋਂ ਹਾਪੜਮਿਸ਼ਨ, ਇਸੇ ਇਲਾਕੇ ਵਿਚ ਧਰਮ ਪਰਚਾਰ ਦਾ ਕੰਮ ਕਰ ਰਿਹਾ ਹੈ । ਕਈ ਪਿੰਡਾਂ ਵਿਚ ਨਿਰੋਲ ਸਿੰਘ ਅਬਾਦ ਹਨ, ਕਈਆਂ ਪਿੰਡਾਂ ਵਿਚ ੨-੪ ਘਰ ਕੇਸਾਧਾਰੀ ਹਨ । ਕੁਝ ਕੁ ਪਿੰਡਾਂ ਵਿਚ ਗੁਰਦੁਆਰੇ ਹਨ । ਉਦਾਸੀ ਸਾਧੂਆਂ ਦੀ ਸਿੱਖੀ ਸੇਵਕੀ ਅਜੇ ਤਕ ਇਨ੍ਹਾਂ ਵਿਚ ਕਾਇਮ ਹੈ । ਕਈ ਥਾਈਂ ਵਿਆਹ ਸ਼ਾਦੀਆਂ ਜਨਮ ਮਰਨ ਦੀਆਂ ਰੀਤਾਂ ਸਿੱਖ ਧਰਮ ਦੀ ਮਰਯਾਦਾ ਅਨੁਸਾਰ ਹੋਣ ਲਗ ਪਈਆਂ ਹਨ । ਪਿੰਡਾਂ ਵਿਚ ਅਖੰਡ ਪਾਠ ਹੁੰਦੇ ਹਨ । ਇਹ ਸਾਰੇ ਬਾਬਾ ਰਾਮ ਰਾਏ ਦੇ ਉਪਾਸ਼ਕ

ਹਨ, ਸਾਲਾਨਾ ਝੰਡੇ ਸਾਹਿਬ ਦੇ ਮੇਲੇ ਤੇ ਡੇਹਰਾਦੂਨ ਜਾਂਦੇ ਹਨ ਤੇ ਬਹੁਤੇ ਗੁਰਮੰਤਰ ਲੈ ਕੇ ਉਨ੍ਹਾਂ ਨੂੰ ਗੁਰੂ ਧਾਰਨ ਕਰਚੇ ਹਨ। ਹੁਣ ਉਥੇ ਪੂਜਣ ਦੀ ਪ੍ਰਥਾ ਦਿਨ-ਬ-ਦਿਨ ਘਟਦੀ ਜਾਂਦੀ ਹੈ ।

ਜ਼ਿਲਾ ਬਿਜਨੌਰ ਵਿਚ :-

੩. ਨਾਨਕ ਪੰਥੀ-ਰਮਈਏ ਇਹ ਜਾਤੀ ਆਮ ਤੇ ਦੇਸ਼ ਪਰਦੇਸ਼ ਵਿਚ ਦਵਾਈਆਂ ਵੇਚਣ ਤੇ ਚਸ਼ਮੇ (ਐਨਕਾਂ) ਲਾਉਣ ਦਾ ਕੰਮ ਕਰਦੀ ਹੈ। ਇਨ੍ਹਾਂ ਦੇ ੪੦ ਪਿੰਡ ਹਨ, ਵਡਾ ਸੈਂਟਰ ਨੂਰ ਪੁਰ ਹੈ, ਜਿਥੇ ਗੁਰੂ ਨਾਨਕ ਇੰਟਰ ਕਾਲਜ ਕਾਇਮ ਕੀਤਾ ਗਿਆ ਹੈ। ਇਨ੍ਹਾਂ ਦੀ ਗਿਣਤੀ ੨੫ ਹਜ਼ਾਰ ਦੇ ਕਰੀਬ ਹੈ, ਜੋ ਸਾਰੇ ਕੇਸਾਧਾਰੀ ਤੇ ਅੰਮ੍ਰਿਤਧਾਰੀ ਹੋ ਗਏ ਹਨ, ਬਹੁਤ ਘਟ ਸਹਿਜਧਾਰੀ ਰਹਿ ਗਏ ਹਨ, ਇਹਨਾਂ ਨੇ ਆਪਣੇ ਨਗਰਾਂ ਵਿਚ ਵਡੇ ਵਡੇ ਗੁਰਦੁਆਰੇ ਕਾਇਮ ਕੀਤੇ ਹਨ, ਮਿਸ਼ਨ ਵਲੋਂ ਹਰ ਸਾਲ ਇਨ੍ਹਾਂ ਦੇ ਪਿੰਡਾਂ ਵਿਚ ਸਾਲਾਨਾ ਦੀਵਾਨ ਕੀਤੇ ਜਾਂਦੇ ਹਨ। ਇਲਾਕੇ ਵਿਚ ਬੇਅੰਤ ਪਿੰਡਾਂ ਵਿਚ ਜਾਟਵ (ਚਮਾਰ) ਜਾਤੀ ਭਾਰੀ ਗਿਣਤੀ ਵਿਚ ਨਾਨਕ ਪੰਥੀ ਹੈ। ਯੂ. ਪੀ. ਅਲੀਗੜ ਤੇ ਬੁਲੰਦ ਸ਼ਹਿਰ-ਬਰੇਲੀ, ਏਟਾਵਾ, ਮੈਨ ਪੁਰੀ ਜ਼ਿਲਿਆਂ ਵਿਚ ਜਾਟਵ ਜਾਤੀ ਨਾਨਕ ਪੰਥੀ ਹੈ, ਜਿਨਾਂ ਵਿਚ ਲੌਕੇ ਪਿੰਡ ਜ਼ਿਲਾ ਅੰਮ੍ਰਿਤਸਰ ਦੇ ਉਦਾਸੀ ਬਾਵਿਆਂ ਨੇ ਪਰਚਾਰ ਕੀਤਾ ਹੈ। ਕੁਝ ਕੁ ਇਲਾਕਿਆਂ ਵਿਚ ਸੁਥਰੇ ਸ਼ਾਹੀ ਨਾਨਕ ਪੰਥੀ ਅਖਵਾਂਦੇ ਹਨ, 'ਹਰਦਮ ਨਾਨਕ ਸ਼ਾਹ, ਧਰਮ ਦੇ ਬੇੜੇ ਬੰਨੇ ਲਾ ਦਾ ਗੀਤ ਪੜ੍ਹਿਆ ਜਾਂਦਾ ਹੈ।

੭. ਮੱਧ ਪ੍ਰਦੇਸ਼ ਦੇ ਨਾਨਕ ਪੰਥੀ :-

ਬਨਜਾਰੇ ਨਾਨਕ ਪੰਥੀਆਂ ਦੀ ਗਿਣਤੀ ਸਾਰੇ ਭਾਰਤ ਵਿਚ ਇਕ ਕਰੋੜ ਦੇ ਕਰੀਬ ਹੈ। ਬਨਜਾਰੇ ਤੋਂ ਭਾਵ (ਲਬਾਣੇ) ਹਨ, ਪੰਜਾਬ ਵਿਚ ਇਨ੍ਹਾਂ ਨੂੰ ਇਸ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਪੰਜਾਬ ਤੋਂ ਬਾਹਰ ਸਾਰੇ ਭਾਰਤ ਵਿਚ ਇਨ੍ਹਾਂ ਨੂੰ ਬਨਜਾਰੇ ਆਖਿਆ ਜਾਂਦਾ ਹੈ। ਕੇਵਲ ਗੋਤਰੀ ਭੇਦ ਥੋੜਾ ਜਿੰਨਾ ਹੈ, ਇਨ੍ਹਾਂ ਦਾ ਸਿਖ ਇਤਿਹਾਸ ਨਾਲ ਬੜਾ ਗੂੜਾ ਸੰਬੰਧ ਹੈ, ਜਿਹਾ ਕੇ ਬਾਬੇ ਮਖਨ ਸ਼ਾਹ ਜੀ ਦਾ ਗੁਰੂ ਜੀ ਨੂੰ ਪਰਗਟ ਕਰਨਾ, ਬਾਬੇ ਲਖੀ ਸ਼ਾਹ ਜੀ ਦਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਦਾ ਸਸਕਾਰ ਕਰਨਾ ਤੇ ਕਈ ਹੋਰ ਇਤਿਹਾਸਕ ਘਟਨਾਵਾਂ ਨਾਲ ਸੰਬੰਧ ਹੈ, ਇਨ੍ਹਾਂ ਵਿਚ ਪਰਾਨੇ ਸਮੇਂ ਤੋਂ ਗੁਰੂ ਦੀ ਸ਼ਰਧਾ ਦੇ ਭਰੇ ਗੀਤ ਧਾਰਮਕ ਤੇ ਵਿਵਹਾਰਕ ਤੌਰ ਤੇ ਗਾਏ ਜਾਂਦੇ ਹਨ, ਜਿਨ੍ਹਾਂ ਵਿਚੋਂ ਇਸ ਜਾਤੀ ਦੀ ਧਾਰਮਕ ਅਕੀਦਤ ਪ੍ਰਗਟ ਹੁੰਦੀ ਹੈ। ਇਹ ਗੀਤ ਕੁਝ ਕੁ ਇਥੇ ਦਿਤੇ ਜਾਂਦੇ ਹਨ, ਜਿਹਾ

ਕਿ ਬਾਬੇ ਮਖਣ ਸ਼ਾਹ ਦਾ ਬੇੜਾ ਤਿਮਰੂ ਨਦੀ ਸਿੰਧ ਵਿਚ ਡੁਬਨ ਵੇਲੇ ਗੁਰੂ ਅਗੇ ਅਰਦਾਸ ਦੇ ਰੂਪ ਵਿਚ ਗਾਇਆ ਜਾਂਦਾ ਹੈ, ਜੋ ਅਜ ਤਕ ਬਨਜਾਰੇ ਆਪਣੇ ਇਕਠ ਵਿਚ ਬੜੇ ਸ਼ੌਂਕ ਨਾਲ ਗਾਂਦੇ ਹਨ ।

ਗੀਤ

ਤੂੰ ਤੇ ਲੇ ਲੇ ਗੁਰੂ ਕਾ ਨਾਮ ਕੀਰਤਪੁਰ ਬਾਲੇ ਕਾ, ਗੁਰੂ ਅੰਬਰਸਰ ਵਾਲੇ ਕਾ, ਤੂੰ ਤੇ ਲੇ ਲੇ ਗੁਰੂ ਕਾ ਨਾਮ, ਨੰਗਾ ਕਭੀ ਨ ਰਹੇਗਾ, ਭੂਖਾ ਕਬੀ ਨਾ ਰਹੇਗਾ, ਭੂਖੇ ਕੋ ਗੁਰੂ ਦੇਬੇ ਭੋਜਨ ਪਿਆਸੇ ਕੋ ਗੁਰੂ ਦੇਬੇ ਪਾਣੀ । ਤੂੰ ਤੇ ਲੇ ਲੇ ਗੁਰੂ ਕਾ ਨਾਮ...। ਮੇਰੀ ਤੋ ਜਹਾਜ ਅਟਕੀ ਰੇ ਕਾਲੀ ਦਾਹ ਮੇਂ, ਗੁਰੂ ਕੀਰਤਪੁਰ ਬਾਲਾ ਲੰਘਾਇ ਪੈਲੇ ਪਾਰਿ । ਨਾਮ ਤੋ ਲੇਤੇ ਮੇਰੀ ਜਹਾਜ ਹੋ ਗਈ ਪੈਲੀ ਪਾਰਿ । ਤੂੰ ਤੇ ਲੇ ਲੇ ਗੁਰੂ ਕਾ ਨਾਮ...। ਤੇਰੇ ਹਾਥ ਮੇਂ ਸੋਹੇ ਸਿਮਰਨੀ ਮੁਖ ਪਰ ਸੁੰਦਰ ਦਾੜ੍ਹੀ, ਤੇਰੇ ਮਾਥੇ ਕਲਗੀ ਚਮਕੇ ਤੋੜੇਦਾਰ । ਗੁਰੂ ਤੇਰੇ ਚੜਨੇ ਕੋ ਸੁੰਦਰ ਘੋੜਾ ਤੇਰੇ ਗਾਤਰੇ ਸੋਹੇ ਤਲਵਾਰ । ਮਹਾਰਾ ਬੇੜਾ ਕਰਦੇ ਪਰਲੇ ਪਾਰ । ਨਾਉ ਪੁਰਾਨੀ ਬੇੜਾ ਭਰਿਓ ਅੰਮ੍ਰਿਤਸਰ ਵਾਲੇ ਗੁਰੂਆ ਡੁਬ ਰਿਹਾ ਮੰਝਧਾਰ । ਹਮਾਰਾ ਬੇੜਾ ਕਰਦੋ ਪਰਲੇ ਪਾਰ ।

ਇਸ ਜਾਤੀ ਦਾ ਸਾਰੇ ਭਾਰਤ ਵਿਚ ਵੇਸ ਭੂਸਾ ਬੋਲੀ ਰਸਮੋ ਰਿਵਾਜ ਇਕੋ ਹਨ, ਪਰ ਧਾਰਮਕ ਅਕੀਦਾ ਬੜਾ ਪਕਾ ਹੈ, ਇਹ ਜਾਤੀ ਗੁਰੂ ਕਾ ਦਸਵੰਧ ਦਿੰਦੀ ਹੈ, ਸ੍ਰੀ ਹਜ਼ੂਰ ਸਾਹਿਬ ਤੇ ਬੜੀ ਸ਼ਰਧਾ ਰਖਦੇ ਹਨ। ਵਾਹਿਗੁਰੂ ਦੀ ਫਤੇ ਬੁਲਾਂਦੇ ਹਨ । ਝਟਕਾ ਖਾਂਦੇ ਹਨ, ਵਿਆਹ ਸ਼ਾਦੀ ਵੇਲੇ ਗੁਰੂ ਯੰਗ ਕੱਢਾ ੧।) ਲੜਕੇ ਤੇ ਲੜਕੀ ਦੀ ਕੰਨੀ ਬੰਨਕੇ ਫੇਰੇ ਫੇਰਦੇ ਹਨ, ਪਚਾਇਤ ਵਿਚ ਜਦ ਕੋਈ ਬੋਲਣ ਦੀ ਆਗਿਆ ਮੰਗਦਾ ਹੈ, ਆਪਣੀ ਭਾਸ਼ਾ ਵਿਚ ਕਹਿੰਦਾ ਕਾਲਿ ਦੇ ਹੁਕਮ ਕੋ ਰੇ-ਤਾਂ ਸਾਰੇ ਅਗੋਂ ਅਵਾਜ਼ ਦੇਣਗੇ; 'ਹੁਕਮ ਗੁਰੂ ਕੋ ਰੇ', ਫਿਰ ਉਹ ਆਪਣੀ ਗਲ ਕਹਿਦਾ ਹੈ । ਬੇੜੀ ਚੜ੍ਹਨ ਵੇਲੇ ਇਹ ਤੁਕ ਪੜ੍ਹਣਗੇ, ਸਭ ਪਰਵਾਰ ਚੜ੍ਹਾਇਓ ਬੇੜੇ ਆਦਿਕ ਗੁਰੂ ਕਾ ਕੰਗਣ ਪਹਿਨਦੇ ਹਨ । ਗੁਰਬਾਣੀ ਨੂੰ ਆਪਣਾ ਇਸ਼ਟ ਸਮਝਦੇ ਹਨ । ਇਨ੍ਹਾਂ ਵਿਚ ਧਾਰਮਕ ਰਸਮਾਂ ਦੀ ਬੜੀ ਪਰਪੱਕਤਾ ਹੈ, ਵਿਆਹ ਸ਼ਾਦੀ ਸਮੇਂ ਗੁਰੂ ਕੇ ਲੰਗਰ ਦੀ ਵੀ ਅਰਦਾਸ ਉਦਾਸੀ ਸੰਤਾਂ ਤੋਂ ਕਰਾਂਦੇ ਹਨ, ਪਰੰਤੂ ਸਮੇਂ ਨੇ ਇਨ੍ਹਾਂ ਤੇ ਵੀ ਬਹੁਤ ਪਰਭਾਵ ਪਾਇਆ ਹੈ । ਜ਼ਿਲ੍ਹਾ ਸਹਾਰਨਪੁਰ ਦੀ ਤਸੀਲ ਰੁੜਕੀ ਵਿਚ ਬਹੁਤ ਪਿੰਡ ਹਨ, ਜਿਨ੍ਹਾਂ ਦੀ ਕੁਲ ਅਬਾਦੀ ਵਿਚੋਂ ਪੰਜਵਾਂ ਹਿੱਸਾ ਕੇਸਾਧਾਰੀ ਹੋ ਚੁਕੇ ਹਨ ਬਾਕੀ

ਸਹਿਜਧਾਰੀ ਹਨ, ਜ਼ਿਲਾ ਮੁਜ਼ਫਰ ਨਗਰ, ਮਥੁਰਾ, ਭਰਥਪੁਰ, ਅਲੀਗੜ੍ਹ ਆਦਿਕ ਕਈ ਇਲਾਕਿਆਂ ਵਿਚ ਭਾਰੀ ਗਿਣਤੀ ਕੇਸਾਧਾਰੀ ਹਨ, ਸਭ ਤੋਂ ਵਧੀਕ ਮਧ-ਪਰਦੇਸ਼ ਵਿਚ ਹਨ। ਬੜਵਾਨੀ ਸਟੇਟ ਵਿਚ ੫੦ ਪਿੰਡ ਇਕਠੇ ਹਨ, ਖਰਦੋਖ ਜ਼ਿਲੇ ਵਿਚ ੧੫੦ ਪਿੰਡ ਹਨ-ਭੀਖਨ ਗਾਵ ਇਲਾਕੇ ਵਿਚ ੪੦ ਪਿੰਡ ਹਨ, ਇਲਾਕਾ ਇੰਦੌਰ ਵਿਚ ਭਾਰੀ ਗਿਣਤੀ ਵਿਚ ਆਬਾਦ ਹਨ, ਜ਼ਿਲਾ ਖੰਡਵਾ ਵਿਚ ਬੇਅੰਤ ਪਿੰਡ ਹਨ, ਪਿਛਲੇ ਸਾਲ ਇਸੇ ਜ਼ਿਲੇ ਵਿਚ ਸਿੰਘਾਂ ਜੀ ਪਿੰਡ ਵਿਚ ੬੦੦ ਪ੍ਰਾਣੀਆਂ ਨੇ ਅੰਮ੍ਰਿਤ ਪਾਣ ਕੀਤਾ ਸੀ। ਜ਼ਿਲਾ ਗਵਾਲੀਅਰ ਵਿਚ ੭੨ ਪਿੰਡ ਹਨ, ਜਿਨ੍ਹਾਂ ਵਿਚੋਂ ਦੇਵਰੀਆ ਤੇ ਗਊਸ ਪੁਰਾ ਦੋ ਪਿੰਡ ਸਿੰਘ ਸਜ ਗਏ ਹਨ। ਸਭ ਤੋਂ ਵਧੀਕ ਗਿਣਤੀ ਇਨ੍ਹਾਂ ਦੀ ਮਹਾਰਾਸ਼ਟਰ ਵਿਚ ਹੈ। ਇਸੇ ਸੂਬੇ ਵਿਚ ਸ੍ਰੀ ਹਜ਼ੂਰ ਸਾਹਿਬ ਹੈ, ਇਕੱਲੀ ਹੈਦਰਾਬਾਦ ਸਟੇਟ ਵਿਚ ੨੦ ਲਖ ਦੀ ਅਬਾਦੀ ਹੈ, ਜੋ ਸਭ ਤੋਂ ਵਧੀਕ ਸ਼ਰਧਾਲੂ ਹਨ। ਸ੍ਰੀ ਹਜ਼ੂਰ ਸਾਹਿਬ ਬਚਿਆਂ ਦੇ ਮੁਲ ਪਵਾਂਦੇ ਹਨ, ਦਸਵੰਧ ਦਿੰਦੇ ਹਨ ਤੇ ਫਿਰ ਬਚਿਆਂ ਦੇ ਕੇਸ ਮੁਨਾਂਦੇ ਹਨ ਤੇ ਨਾਮ ਰਖਾਂਦੇ ਹਨ। ਮਹਾਰਾਸ਼ਟਰਾ ਦੇ ਸੂਬੇ ਦਾ ਮੁਖ ਮੰਤਰੀ ਬਸੰਤ ਰਾਉ ਨਾਇਕ ਹੈ ਜੋ ਗੁਰੂ ਜੀ ਉਪਰ ਸ਼ਰਧਾ ਰਖਦਾ ਹੈ, ਜਿਸ ਦੀ ਲੜਕੀ ਦੀ ਇਕ ਸਿਖ ਲੜਕੇ ਬਨਜਾਰੇ ਨਾਲ ਸ਼ਾਦੀ ਹੋਈ ਹੈ। ਤਖਤ ਸਾਹਿਬ ਵਲੋਂ ਕੋਈ ਪਰਚਾਰ ਇਨ੍ਹਾਂ ਵਿਚ ਨਹੀਂ ਕੀਤਾ ਜਾਂਦਾ, ਬਲਕਿ ਲੰਗਰ ਵਿਚ ਭਾਰੀ ਗਿਣਤੀ ਵਿਚ ਨਾਨਕ ਪੰਥੀ ਬਨਜਾਰੇ ਵਸਦੇ ਹਨ-ਰਾਜਸਥਾਨ ਵਿਚ ਇਨ੍ਹਾਂ ਨਾਲ ਸੂਤ ਸ਼ਾਤ ਵਰਤੀ ਜਾਂਦੀ ਹੈ, ਜ਼ਿਲਾ ਬਰਹਾਨ ਪੁਰ ਵਿਚ ਭਾਰੀ ਗਿਣਤੀ ਵਿਚ ਨਾਨਕ ਪੰਥੀ ਵਣਜਾਰੇ ਸਦੇ ਹਨ। ਰਾਜਿਸਥਾਨ ਵਿਚ ਇਨ੍ਹਾਂ ਦੇ ਕੇਂਦਰ ਕਿਸ਼ਨ ਗੜ੍ਹ ਜੇਪੁਰ ਰਿਆਸਤ, ਪਾਲੀ ਜੰਕਸ਼ਨ ਤੇ ਮਰਵਾੜ ਹੈਨ, ਹੁਣ ਦਿੱਲੀ ਗੁਰਦੁਆਰਾ ਕਮੇਟੀ ਨੇ ਰਾਜਸਤਾਨ ਵਿਚ ਅਜਮੇਰ ਤੇ ਜ਼ਿਲਾ ਕੋਟਾ-ਬੂੰਦੀ ਆਪਣਾ ਪਰਚਾਰ ਸੈਂਟਰ ਕਾਇਮ ਕੀਤਾ ਹੈ, ਜਿਸ ਦਾ ਹੈਡ ਕੁਆਰਟਰ ਕਿਸ਼ਨਗੜ੍ਹ ਹੈ। ਜੇ ਇਸ ਜਾਤੀ ਵਿਚ ਪ੍ਰੋਗ੍ਰਾਮ ਬਣਾ ਕੇ ਨਿਗਰ ਪਰਚਾਰ ਹੁੰਦਾ ਤਾਂ ਲੱਖਾਂ ਸਿੱਖ ਇਨ੍ਹਾਂ ਵਿਚੋਂ ਸਿੰਘ ਸਜ ਸਕਦੇ ਸਨ, ਪਰ ਅਫਸੋਸ ਕਿ ਇਸ ਪਾਸੇ ਸਾਡੀ ਰੁਚੀ ਸਾਡਾ ਧਿਆਨ ਹੈ ਹੀ ਨਹੀਂ।

੮. ਬਿਹਾਰ ਵਿਚ ਨਾਨਕ ਪੰਥੀ :-

ਸੂਬਾ ਬਿਹਾਰ ਦੀ ਤਕਰੀਬਨ ਅਧੀ ਵਸੋਂ ਨਾਨਕਪੰਥੀ ਸੀ, ਇਸ ਦਾ ਕਾਰਨ ਉਦਾਸੀ ਮਹਾਂ ਪੁਰਸ਼ਾਂ ਦੀਆਂ ੩੬੦ ਗੱਦੀਆਂ ਹਨ ਜੋ ਇਸ ਇਲਾਕੇ ਵਿਚ

ਮੌਜੂਦ ਹਨ। ਦੇਵਗਿਰ ਸੰਨਿਆਸੀ ਜੋ ਬੁਧ ਗਇਆ ਦਾ ਮਹੰਤ ਸੀ, ਅਪਣੇ ੩੬੦ ਚੇਲਿਆਂ ਸਮੇਤ ਬੁਧ ਧਰਮ ਦਾ ਤਿਆਗ ਕਰਕੇ ਪੰਜਾਬ ਵਿਚ ਆ ਕੇ ਗੁਰੂ ਹਰਿ ਰਾਏ ਸਾਹਿਬ ਤੋਂ ਸਿੱਖੀ ਧਾਰਨ ਕਰਕੇ ਬਖਸ਼ਸ਼ ਪ੍ਰਾਪਤ ਕੀਤੀ। ਉਦਾਸੀ ਬਖਸ਼ਸ਼ਾਂ ਵਿਚੋਂ ਇਹ ਚੌਥੀ ਬਖਸ਼ਸ਼ ਹੈ। ਗੁਰੂ ਹਰਿਰਾਏ ਸਾਹਿਬ ਨੇ ਇਨ੍ਹਾਂ ਦਾ ਨਾਮ ਭਗਤ ਭਗਵਾਨ ਰਖਿਆ, ਇਨ੍ਹਾਂ ਨੂੰ ਬਿਹਾਰ ਦੀ ਸਿੱਖੀ ਦਾ ਮੁਖੀ ਥਾਪਿਆ, ਇਨ੍ਹਾਂ ਦਾ ਸਭ ਤੋਂ ਵਡਾ ਡੇਰਾ ਰਾਜਗਿਰੀ ਵਿਚ ਹੈ, ਪਟਨਾ, ਦਰਭੰਗਾ, ਮੁੰਘੇਰ, ਮੁਜਫਰਪੁਰ, ਸਿਲੀ ਗੌੜੀ ਤਕ ਇਨ੍ਹਾਂ ਦੀਆਂ ਗੱਦੀਆਂ ਫੈਲੀਆਂ ਹੋਈਆਂ ਹਨ। ਪੂਰਨੀਆ ਸਟੇਟ ਜੋ ਅਜਕਲ ਬਿਹਾਰ ਦਾ ਇਕ ਜ਼ਿਲਾ ਬਣ ਗਿਆ ਹੈ, ਰਿਆਸਤ ਨਹੀਂ ਰਹੀ, ਇਥੋਂ ਦਾ ਰਾਜ ਘਰਾਣਾ ਭੀ ਨਾਨਕ ਪੰਥੀ ਹੈ, ਰਾਜ ਮਹਿਲਾਂ ਵਿਚ ਗੁਰਦੁਆਰਾ ਹੈ। ਰਾਜੇ ਦਾ ਨਾਮ ਪ੍ਰਿਥੀ ਚੰਦ ਹੈ। ਸੂਬੇ ਵਿਚ ਕਾਇਸਤ ਜਾਤੀ ਵਡੀ ਗਿਣਤੀ ਵਿਚ ਵਸਦੀ ਹੈ, ਜਿਨ੍ਹਾਂ ਵਿਚੋਂ ਡਾਕਟਰ ਰਾਜਿੰਦਰ ਪਰਸ਼ਾਦ ਦੇਸ਼ ਦੇ ਰਾਸ਼ਟਰਪਤੀ ਰਹਿ ਚੁਕੇ ਹਨ, ਉਹ ਪੱਕੇ ਨਾਨਕ ਪੰਥੀ ਸਨ। ਬਿਹਾਰ ਵਿਚ ਜੌਨਪੁਰ, ਆਰਾ, ਪਟਨਾ, ਗਿਆ, ਮੁੰਘੇਰ, ਸਸਰਾਮ ਆਦਿਕ ਜ਼ਿਲਿਆਂ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਕਈ ਗੁਰਦੁਆਰੇ ਹਨ। ਪਟਨੇ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜਨਮ ਅਸਥਾਨ ਤੇ ਸਿੱਖੀ ਦਾ ਪਰਚਾਰ ਕੇਂਦਰ ਹੋਣ ਕਰ ਕੇ ਲੋਕਾਂ ਵਿਚ ਸ਼ਰਧਾ ਕਾਇਮ ਹੈ, ਲੋਕ ਗੁਰੂ ਦੇ ਜਨਮ ਅਸਥਾਨ ਦੀ ਯਾਤਰਾ ਕਰਦੇ ਹਨ। ਸਸਰਾਮ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾਏ ਸਨ। ਇਹ ਅਸਥਾਨ ਗਇਆ ਜ਼ਿਲੇ ਵਿਚ ਹੈ, ਇਸ ਸ਼ਹਿਰ ਵਿਚ ਗੁਰੂ ਕਾ ਅਨਿਨ ਸੇਵਕ ਭਾਈ ਫਗੂ ਰਹਿੰਦਾ ਸੀ। ਇਥੇ ੨੦੦ ਘਰ ਕੇਸ਼ਾਧਾਰੀ ਤੇ ੧੫ ਹਜ਼ਾਰ ਸਹਿਜਧਾਰੀ (ਨਾਨਕ ਪੰਥੀ) ਹਨ। ੪ ਇਤਿਹਾਸਕ ਗੁਰਦੁਆਰੇ ਹਨ। ਗੁਰੂ ਤੇਗ ਬਹਾਦਰ ਜੀ ਦਾ ਇਕ ਤੀਰ ਹੈ। ਆਸਾਮ ਰੇਲਵੇ ਲਾਈਨ ਤੇ ਕਾਲਾ ਗੋਲਾ ਰੇਲਵੇ ਸਟੇਸ਼ਨ ਪਾਸ ਲਖਸ਼ਮੀਪੁਰ ਪਿੰਡ ਹੈ, ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਤੇ ਦਸਮ ਪਾਤਸ਼ਾਹ ਦਾ ਹੁਕਮਨਾਮਾ ਹੈ। ੪੦ ਘਰ ਕੇਸਾਧਾਰੀ ਹਨ। ਨਾਲ ਹੀ ਉਚਲਾ ਪਿੰਡ ਹੈ। ੨ ਘਰ ਕੇਸ਼ਾਧਾਰੀ ਤੇ ਬਾਕੀ ਪਿੰਡ ਸਹਿਜਧਾਰੀ ਹੈ-ਭੰਡਾਰਤਲ ਪਿਡ ਵਿਚ ੮ ਘਰ ਕੇਸਾਧਾਰੀ ਤੇ ਬਾਕੀ ਸਹਿਜਧਾਰੀ ਹਨ। ਕੰਤ ਨਗਰ ਵਿਚ ੫ ਘਰ ਕੇਸ਼ਾਧਾਰੀ ਤੇ ਬਾਕੀ ਸਾਰੇ ਸਹਜਧਾਰੀ ਹਨ। ਇਹ ਸਾਰੇ ਆਹਲੂਵਾਲੀਏ ਹਨ, ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਸਿੱਖ ਹਨ। ਰਜੌਲੀ ਉਦਾਸੀਆਂ ਦੀ ਇਕ ਵੱਡੀ ਗਦੀ ਹੈ। ਇਹ ਇਲਾਕਾ ਨਾਨਕ ਪੰਥੀਆਂ ਨਾਲ ਭਰਪੂਰ ਹੈ, ਇਹ ਵੀ ਜ਼ਿਲਾ ਗਇਆ ਵਿਚ ਹੈ ਇਥੇ ਭਗਤ ਭਗਵਾਨ ਦਾ ਖਪਰ ਹੈ ਜੋ ਉਸਨੂੰ ਹਿੰਗਰਾਜ ਦੇਵੀ ਨੇ ਭੇਟ ਕੀਤਾ ਸੀ।

ਸ਼ਾਹਪੁਰ, ਜ਼ਿਲਾ ਆਰਾ, ਵਿਚ ਬੜਾ ਭਾਰੀ ਉਦਾਸੀਆਂ ਦਾ ਗੁਰਦੁਆਰਾ ਹੈ, ਉਦਾਸੀਆਂ ਦੀ ਵਡੀ ਰਿਆਸਤ ਹੈ। ਦੂਜੀ ਗੱਦੀ ਜਗਦੀਸ਼ ਪੁਰ ਜ਼ਿਲਾ ਆਰਾ ਵਿਚ ਬੀਹਾ ਰੇਲਵੇ ਸਟੇਸ਼ਨ ਤੋਂ ੬ ਮੀਲ ਦੂਰ ਹੈ। ਇਹ ਸਾਰਾ ਇਲਾਕਾ ਨਾਨਕ ਪੰਥੀ ਹੈ। ਜ਼ਿਲਾ ਮਿਰਜਾ ਪੁਰ ਵਿਚ ਅਰੋਹਾ ਰੋੜ ਰੇਲਵੇ ਸਟੇਸ਼ਨ ਤੋਂ ੧੩ ਮੀਲ ਦੀ ਵਿਥ ਤੇ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਮਹਾਰਾਜ ਦੀ ਪੰਜ ਗੁੰਥੀ ਦਸਖਤੀ ਹਥ ਲਿਖਤ ਹੈ। ਸਾਰਾ ਇਲਾਕਾ ਨਾਨਕ ਪੰਥੀ ਹੈ। ਮਿਰਜਾਪੁਰ ਜ਼ਿਲਾ ਵਿਚ ਇਮਲੀਆ ਚਟੀ ਦੇ ਨਜ਼ਦੀਕ ਭਟੀ ਕਾ ਪਿੰਡ ਵਿਚ ਦਸਮ ਪਾਤਸ਼ਾਹ ਦੀ ਦਸਖਤੀ ਬੀੜ ਹੈ, ਜਿਸ ਵਿਚ ਮੂਲ ਮੰਤਰ ਮਹਾਰਾਜ ਦੇ ਪਵਿਤਰ ਹਥਾਂ ਦਾ ਲਿਖਿਆ ਹੈ। ਚੁਨਾਰ ਤੋਂ ੪-੫ ਮੀਲ ਦੂਰ ਹੈ।

ਪਿੰਡ ਮਿਰਜਾ ਪੁਰ ਬਸ ਅਡਾ ਬਗਈ ਪੁਰ ਰਾਮਨਗਰ ਰੋਡ ਨੂੰ ਜਦ ਬਸ ਚਲੇਗੀ, ਬਨਾਰਸ ਵਲ ਇਕ ਗੁਰਦੁਆਰਾ ਹੈ ਤੇ ਉਥੇ ਭੀ ਦਸਮ ਪਾਤਸ਼ਾਹੀ ਦੀ ਦਸਖਤੀ ਬੀੜ ਹੈ। ਬਾਗ ਹੈ, ਅਜ ਕਲ ਬਗੀਚਾ ਝਗੜੂ ਸਿੰਘ ਅਮੀਰ ਸਿੰਘ ਦੇ ਕਬਜ਼ੇ ਵਿਚ ਹੈ ਜਿਨ੍ਹਾਂ ਨੇ ਬਾਬਾ ਸੁਮੇਰ ਸਿੰਘ ਪਾਸੋਂ ਅੰਮ੍ਰਿਤ ਛਕਿਆ ਸੀ। ਸਾਰਾ ਪਿੰਡ ਨਾਨਕ ਪੰਥੀ ਹੈ, ਬਨਾਰਸ ਤੋਂ ਕੇਵਲ ੧੦ ਮੀਲ ਦੂਰ ਹੈ।

ਬਨਾਰਸ ਵਿਚ ਗੁਰੂ ਨਾਨਕ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੇ ਅਸਥਾਨ ਹਨ ਤੇ ਗੁਰੂ ਤੇਗ ਬਹਾਦਰ ਜੀ ਦਾ ਚੋਲਾ ਤੇ ਦਸਮ ਪਾਤਸ਼ਾਹ ਜੀ ਦਾ ਜੋੜਾ ਯਾਦਗਾਰੀ ਵਸਤਾਂ ਹਨ। ਭਾਈ ਗੁਰਦਾਸ ਜੀ ਦਾ ਚੇਤਨ ਮਟ ਗੁਰਦਵਾਰਾ ਹੈ, ਉਦਾਸੀ ਤੇ ਨਿਰਮਲੇ ਮਹਾਂ ਪੁਰਖਾਂ ਦੇ ਆਸ਼ਰਮ ਹਨ, ਜਿਨ੍ਹਾਂ ਨਾਲ ਹਜ਼ਾਰਾਂ ਨਾਨਕ ਪੰਥੀ ਸੰਬੰਧਤ ਹਨ।

੯. ਆਸਾਮ ਦੇਸ਼ ਦੇ ਨਾਨਕ ਪੰਥੀ :-

ਸੂਬਾ ਅਸਾਮ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਿੱਖੀ ਦਾ ਪਰਚਾਰ ਕੀਤਾ ਹੈ। ਇਸ ਇਲਾਕੇ ਵਿਚ ਕਈ ਪਿੰਡਾਂ ਵਿਚ ਸਿੱਖ ਮੌਜੂਦ ਹਨ, ਜੋ ਕੇਸ਼ਾਧਾਰੀ ਹਨ ਤੇ ਆਪਣੇ ਆਪ ਨੂੰ ਖਾਲਸਾ ਨਾਨਕ ਪੰਥੀ ਅਖਵਾਂਦੇ ਹਨ।

ਗੁਰੂ ਤੇਗ ਬਹਾਦਰ ਸਾਹਿਬ ਦਾ ਪਰਸਿਧ ਗੁਰਦੁਆਰਾ ਧੋਬੜੀ ਸਾਹਿਬ ਹੈ ਏਥੇ ਇਕ ਪਿੰਡ ਸਿੱਖਾਂ ਦਾ ਅਬਾਦ ਹੈ ਜੋ ਤਸੀਲ ਤਰਨ ਤਾਰਨ ਵਿਚੋਂ ਗੁਰ ਸਾਹਿਬ ਦੇ ਨਾਲ ਗਏ ਤੇ ਉਥੇ ਹੀ ਅਬਾਦ ਹੋ ਗਏ।

ਜ਼ਿਲਾ ਨੌ ਗਾਵ ਸ਼ਿਲਾਂਗ ਤੋਂ ੭੦ ਮੀਲ ਦੂਰ ਹੈ। ਬਡਗੋਲਾ ਬਸਤੀ ਜਿਸ ਵਿਚ ਅਸਾਮੀ ਸਿੱਖ ਆਬਾਦ ਹਨ, ਇਹ ਸਾਰੇ ਕੇਸ਼ਾਧਾਰੀ ਹਨ, ੮੦ ਘਰ ਹਨ,

੨ ਗੁਰਦੁਆਰੇ ਹਨ, ਇਨ੍ਹਾਂ ਦੀ ਮਾਦਰੀ ਭਾਸ਼ਾ ਅਸਾਮੀ ਹੈ। ਇਹ ਸਾਹਿਬੇ ਜਾਇਦਾਦ ਤੇ ਪੜ੍ਹੇ ਲਿਖੇ ਹਨ, ਇਨ੍ਹਾਂ ਵਿਚੋਂ ਵਡੀਆਂ ੨ ਪੋਸਟਾਂ ਤੇ ਸਿੱਖ ਅਫਸਰ ਹਨ। ਛਪਰ ਪਿਡ ਵਿਚ ੨੦ ਘਰ ਸਿੰਘਾਂ ਦੇ ਹਨ। ਗੁਰਦੁਆਰਾ ਸਾਹਿਬ ਹੈ। ਲੰਕਾ ਸਟੇਸ਼ਨ ਪਿਡ ਵਿਚ ੩੦ ਘਰ ਅਸਾਮੀ ਸਿੰਘ ਹਨ, ਗੁਰਦੁਆਰਾ ਹੈ, ੪ ਘਰ ਪੰਜਾਬੀਆਂ ਦੇ ਹਨ।

ਲਾਮਡਿੰਗ ਵਿਚ ੩੦ ਘਰ ਅਸਾਮੀ ਤੇ ੩ ਘਰ ਪੰਜਾਬੀ ਹਨ। ਤ੍ਰਿਪੁਰਾ ਸਟੇਟ ਵਿਚ ੧੫੦ ਘਰ ਅਬਾਦ ਹਨ, ਜੋ ਰਤਨ ਰਾਏ ਮਹਾਰਾਜ ਅਸਾਮ, ਜੋ ਦਸਮੇ ਪਾ: ਵਾਸਤੇ ਪਰਸ਼ਾਦੀ ਹਾਥੀ ਲੈ ਕੇ ਆਇਆ ਸੀ, ਉਸ ਨਾਲ ਪੰਜਾਬ ਵਿਚੋਂ ੭੦ ਸਿੰਘ ਚਲੇ ਗਏ ਸਨ, ਜੋ ਸਤਿਗੁਰਾਂ ਪਾਸੋਂ ਆਪਣੀ ਫੌਜ ਵਿਚ ਭਰਤੀ ਕਰਕੇ ਲੈ ਗਿਆ ਸੀ। ਹਣ ਉਥੇ ਉਨ੍ਹਾਂ ਦੀ ਸੰਤਾਨ ਵਸਦੀ ਹੈ, ਜ਼ਿਲਾ ਨੌ ਗਾਂਵ ਵਿਚ ਹਟੀ ਪਾਰਾ ਪਿੰਡ ਵਿਚ ੧੦ ਘਰ ਅਸਾਮੀ ਸਿੱਖ ਹਨ। ਸ਼ਿਲਾਂਗ ਡਿਚ ੧੫੦ ਘਰ ਪਸਮਾਂਦਾ ਜਾਤੀ (ਮਜ਼ਹਬੀ ਸਿੰਘ ਹਨ ਜੋ ਤਸੀਲ ਤਰਨ ਤਾਰਨ ਪੰਜਾਬ ਵਿਚੋਂ ਜਾ ਕੇ ੨੦੦ ਸਾਲ ਪਹਿਲਾਂ ਉਥੇ ਵਸੇ ਹਨ)। ਗੁਰਦੁਆਰਾ ਸਾਹਿਬ ਉਨ੍ਹਾਂ ਨੇ ਪਹਿਲਾਂ ਆਸਾਮ ਵਿਚ ਬਣਾ ਲਿਆ ਹੈ।

੧੦.

ਇਹ ਸਾਰੀ ਰੀਪੋਰਟ ਆਪਣੀ ਵਾਕਫੀ ਦੇ ਅਧਾਰ ਤੇ ਤਿਆਰ ਕੀਤੀ ਹੈ। ਦਾਸ ਨੂੰ ਪਿਛਲੇ ੨੫ ਸਾਲਾਂ ਤੋਂ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਗੁਰਮਤਿ ਪ੍ਰਚਾਰ ਦੀ ਸੇਵਾ ਬਤੌਰ ਪਰਚਾਰਕ ਦੇ ਬਖਸ਼ੀ ਹੋਈ ਹੈ। ਦਾਸ ਨੇ ਪੰਜਾਬ ਦੇ ਬਾਹਰਲੇ ਮਿਸ਼ਨਾਂ ਵਿਚ ਕਾਫੀ ਸਮਾਂ ਗੁਜ਼ਾਰਿਆ ਹੈ,ਤੇ ਵਖ ਵਖ ਸੂਬਿਆਂ ਵਿਚ ਪਰਚਾਰ ਕਰਨ ਹਿਤ ਇਨ੍ਹਾਂ ਸਾਰਿਆਂ ਅਸਥਾਨਾਂ ਤੇ ਮੈਨੂੰ ਜਾਣ ਦਾ ਮੌਕਾਂ ਮਿਲਿਆ ਹੈ। ਮੈਂ ਬਿਹਾਰ ਵਿਚ ਜਿਨ੍ਹਾਂ ਇਕ ਦੋ ਛੋਟੀਆਂ ਥਾਵਾਂ ਤੇ ਨਹੀਂ ਪਹੁੰਚ ਸਕਿਆ, ਉਹ ਵਾਕਫੀ ਨਾਲ ਦੇ ਵਡੇ ਅਸਥਾਨ ਤੋਂ ਪ੍ਰਾਪਤ ਕੀਤੀ ਗਈ ਹੈ। ਦਾਸ ਸੂਬਾ ਉੜੀਸਾ ਦਖਣੀ ਭਾਰਤ ਵਿਚ ਵੀ ਗਿਆ ਹੈ, ਜਿਥੇ ਜਗਨਾਥ ਪੁਰੀ ਤੇ ਕਟਕ ਆਦਿਕ ਥਾਵਾਂ ਤੇ ਗੁਰੂ ਨਾਨਕ ਜੀ ਦੇ ਬਹੁਤ ਵਡੇ ਵਡੇ ਪਰਸਿਧ ਅਸਥਾਨ ਹਨ, ਪਰ ਨਾਨਕ ਪੰਥੀਆਂ ਦੀ ਕੋਈ ਵਾਕਫੀ ਨਹੀਂ ਮਿਲੀ, ਵੈਸੇ ਉਦਾਸੀ ਸੰਤਾਂ ਦੇ ਅਸਥਾਨ ਉਸ ਇਲਾਕੇ ਵਿਚ ਹਨ।

੧੧.

ਸੂਬਾ ਬੰਗਾਲ ਵਿਚ ਬਰਦਵਾਨ ਰਿਆਸਤ ਦਾ ਰਾਜ ਘਰਾਣਾ ਨਾਨਕ ਪੰਥੀ ਹੈ। ਜੋ ਅਜ ਕਲ ਰਿਆਸਤ ਨਹੀਂ ਰਹੀ। ਇਹ ਘਰਾਣਾ ਪੰਜਾਬ ਦੇ ਖਤਰੀਆਂ ਵਿਚੋਂ ਹੈ, ਜ਼ਿਲਾ ਡਾਲਤਨ ਗੰਜ ਵਿਚ ਉਦਾਸੀ ਸੰਤਾਂ ਦੇ ਕੁਝ

ਡੇਰੇ ਹਨ, ਉਸ ਪਾਸੇ ਨਾਨਕ ਪੰਥੀ ਭੀ ਹਨ, ਇਕ ਗਲ ਦੇਖਣ ਵਿਚ ਆਈ ਹੈ ਕਿ ਸਾਰੇ ਭਾਰਤ ਵਿਚ ਉਦਾਸੀ ਮਹਾਂ ਪੁਰਸ਼ਾਂ ਨੇ ਸਿੱਖੀ ਦਾ ਪਰਚਾਰ ਕੀਤਾ ਹੈ, ਜਿਥੇ ਉਨ੍ਹਾਂ ਸੰਤਾਂ ਨੇ ਆਪਣਾ ਧਰਮ ਅਸਥਾਨ ਬਣਾਇਆ ਹੈ, ਉਥੇ ਹੀ ਨਾਨਕ ਪੰਥੀ ਹਨ। ਦੂਜਾ ਭਾਰਤ ਵਿਚ ੪ ਵਡੇ ਕੁੰਭਾਂ ਦਾ ਮੇਲਾ ੧੨ ਸਾਲ ਵਾਰੀ ਵਾਰੀ ਲਗਦਾ ਹੈ। ਹਰਿਦੁਆਰ, ਪ੍ਰਯਾਗ ਰਾਜ, ਨਾਸਕ, ਉਜੈਨ, ਇਥੇ ਹਰ ਕੁੰਭ ਦੇ ਮੇਲੇ ਸਮੇਂ ਨਿਰਮਲੇ ਤੇ ਉਦਾਸੀ ਸੰਤਾਂ ਦੀ ਸਾਹੀ (ਜਲੂਸ) ਨਿਕਲਦੇ ਹਨ, ਉਨ੍ਹਾਂ ਦੇ ਪਰਚਾਰ ਕੈਂਪ ਵੀ ਲਗਦੇ ਹਨ, ਭੰਡਾਰੇ ਹੁੰਦੇ ਹਨ, ਲੱਖਾਂ ਯਾਤਰੂ ਪਰਸ਼ਾਦਿ ਛਕਦੇ ਹਨ। ਗੁਰੂ ਕਾ ਪ੍ਰਚਾਰ ਹੁੰਦਾ ਹੈ, ਜਿਸ ਕਰਕੇ ਲੋਕ ਅਜ ਤਕ ਨਾਨਕ ਪੰਥੀ ਹਨ। ਭਾਰਤ ਵਿਚ ਕਬੀਰ ਪੰਥੀ ਹਨ, ਜੋ ਆਪਣੇ ਆਪ ਨੂੰ ਨਾਨਕ ਪੰਥੀ ਵੀ ਅਖਵਾਂਦੇ ਹਨ। ਗੁਰਬਾਣੀ ਤੇ ਸ਼ਰਧਾ ਰਖਦੇ ਹਨ।

—o—

ਇਸ ਸਬੰਧ ਵਿਚ ਮੈਨੂੰ ਕੁਛ ਰਾਵਾਂ ਪੁਜੀਆਂ ਹਨ ਜੋ ਇਸ ਪਰਕਾਰ ਹਨ :—

੧. ਸ੍ਰ: ਨਾਹਰ ਸਿੰਘ ਜੀ ਐਮ. ਏ. ਵਲੋਂ ਪੁਜੀ ਅੰਗਰੇਜ਼ੀ ਚਿਠੀ ਦਾ ਅਨੁਵਾਦ :—

ਮੇਰੇ ਪਿਆਰੇ ਸ੍ਰ: ਭਾਨ ਸਿੰਘ ਜੀ,

ਆਪ ਜੀ ਦੀ ਪਤ੍ਰਿਕਾ ਨੰਬਰ ੫੧੧੩੫, ਮਿਤੀ ੩-੨-੬੯ ਅਤੇ ਨਾਨਕ ਪੰਥੀ ਰੀਪੋਰਟਾਂ ਮੈਨੂੰ ਮਿਲੀਆਂ ਹਨ। ਮੈਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਧਰਮ ਪਰਚਾਰ ਕਮੇਟੀ ਦਾ ਧੰਨਵਾਦੀ ਹਾਂ, ਜੋ ਇਸ ਸੂਚੀ ਦੀ ਤਿਆਰੀ ਲਈ ਉਦਮ ਅਰੰਭ ਕੀਤਾ ਗਿਆ ਹੈ। ਇਸ ਦੀ ਬਹੁਤ ਲੋੜ ਸੀ ਅਤੇ ਗੁਰੂ ਨਾਨਕ ੫੦੦ ਸਾਲਾ ਪ੍ਰਕਾਸ਼ ਉਤਸ਼ਵ ਦੇ ਸਾਲ ਤੋਂ ਵਧ ਚੰਗਾ ਸਮਾਂ ਇਸ ਕਾਰਜ ਲਈ ਹੋਰ ਨਹੀਂ ਸੀ ਹੋ ਸਕਦਾ। ਅਜਿਹਾ ਉਦਮ ਸ਼ਰੋਮਣੀ ਗੁ: ਪ੍ਰ: ਕਮੇਟੀ ਜਿਹੀ ਸੰਸਥਾ ਹੀ ਕਰ ਸਕਦੀ ਸੀ।

ਮੈਂ ਰੀਪੋਰਟ ਚੰਗੀ ਤਰ੍ਹਾਂ ਪੜ੍ਹੀ ਹੈ ਅਤੇ ਇਕ ਸ਼ਰਧਾਲੂ ਅਤੇ ਸਿਖ ਇਤਿਹਾਸ ਅਤੇ ਅਦਾਰਿਆਂ ਦੇ ਇਤਿਹਾਸ ਦੇ ਵਿਦਿਆਰਥੀ ਹੋਣ ਨਾਤੇ ਵਧਰੀ ਲਗਨ ਨਾਲ ਪੜ੍ਹੀ ਹੈ।

ਗਿਆਨੀ ਫੌਜਾ ਸਿੰਘ ਨੇ ਇਸ ਨੂੰ ਤਿਆਰ ਕਰਨ ਲਈ ਕਾਫੀ ਮੇਹਨਤ ਕੀਤੀ ਹੈ। ਇਹ ਸੁਚੱਜੀ ਨੀਂਹ ਰਖ ਦਿਤੀ ਗਈ ਹੈ। ਇਸ ਉਪਰ ਚੰਗੀ ਇਮਾਰਤ ਦੀ ਉਸਾਰੀ ਕੀਤੀ ਜਾਣੀ ਚਾਹੀਦੀ ਹੈ।

ਇਸ ਸਬੰਧੀ ਮੇਰੀ ਤਜਵੀਜ਼ ਹੈ ਕਿ ਇਸ ਨੂੰ ਵਧੇਰੇ ਵਾਕਫ਼ੀ ਭਰਪੂਰ ਬਨਾਉਣ ਲਈ ਨਾਨਕ ਪੰਥੀਆਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ।

ਸ੍ਰੀ ਸੁਜਾਨ ਰਾਏ ਆਪਣੀ ਪੁਸਤਕ ਖੁਲਾਸਾਤੁਲ ਤਵਾਰੀਖ ਵਿਚ ਲਿਖਦਾ ਹੈ ਕਿ ਨਾਨਕ ਪੰਥੀ ਅਥਵਾ ਨਾਨਕ ਸ਼ਾਹੀ ਸ਼ਬਦ ਦਾ ਭਾਵ ਗੁਰੂ ਨਾਨਕ ਦੇ ਪੈਰਕਾਰਾਂ ਤੋਂ ਹੈ। ਕਈ ਹੋਰ ਫਾਰਸੀ ਪੁਸਤਕਾਂ ਵਿਚ ਭੀ ਇਸੇ ਭਾਵ ਨਾਲ ਨਾਨਕ ਪੰਥੀ ਸ਼ਬਦ ਵਰਤਿਆ ਗਿਆ ਹੈ। ਅਠਾਰ੍ਹਵੀਂ ਸਦੀ ਦੇ ਅੰਗਰੇਜ਼ੀ ਲਿਖਾਰੀਆਂ ਨੇ ਭੀ ਇਸੇ ਭਾਵ ਨਾਲ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਨਾਨਕ ਪੰਥੀਆਂ ਬਾਰੇ ਵਾਕਫ਼ੀ ਉਤਰੀ ਭਾਰਤ ਦੇ ਕਈ ਜ਼ਿਲਿਆਂ ਦੇ ਗਜ਼ਟੀਅਰ ਵਿਚੋਂ ਮਿਲਦੀ ਹੈ ਅਤੇ ਪੁਰਾਣੀ ਮਰਦਮ ਸ਼ੁਮਾਰੀ ਦੀਆਂ ਰੀਪੋਰਟਾਂ ਵਿਚ ਭੀ ਮਿਲਦੀ ਹੈ। ਦਿਲੀ, ਡੇਹਰਾਦੂਨ, ਸਹਾਰਨਪੁਰ, ਮੇਰਠ, ਮੁਜ਼ਫਰਨਗਰ, ਬੁਲੰਦ ਸ਼ਹਿਰ, ਅਲੀਗੜ੍ਹ ਆਦਿ ਦੇ ਗਜ਼ਟੀਅਰ ਵਿਚ ਭੀ ਵਾਕਫ਼ੀ ਹੈ। ਵਖ ਵਖ ਰਾਜਾਂ ਦੀਆ ਮੁਆਫ਼ੀਆਂ (ਜਾਗੀਰਾਂ) ਤੋਂ ਭੀ ਨਾਨਕ ਪੰਥੀਆਂ ਬਾਰੇ ਕਾਫੀ ਵਾਕਫ਼ੀ ਮਿਲ ਸਕਦੀ ਹੈ। ਨੈਸ਼ਨਲ ਆਰਕਾਈਵਜ਼ ਵਿਚ ਰੀਪੋਰਟਾਂ ਵੇਖਦੇ ਹੋਏ ਮੈਨੂੰ ਕਈ ਹਵਾਲੇ ਮਿਲੇ ਹਨ। ਜੇ ਕਰ ਕਮੇਟੀ ਚਾਹੇ ਤਾਂ ਮੈਂ ਇਹ ਹਵਾਲੇ ਤਲਾਸ਼ ਕਰ ਕੇ ਭੇਜ ਸਕਦਾ ਹਾਂ।

ਮੈਂ ਇਹ ਭੀ ਸੁਝਾਓ ਦਿੰਦਾ ਹਾਂ ਕਿ ਪਠਾਣਾਂ ਦੇ ਦੇਸ਼, ਅਫਗਾਨਿਸਤਾਨ, ਫਾਰਸ, ਮਧ ਏਸ਼ੀਆ ਦੇ ਬਾਕੂ ਆਦਿ ਇਲਾਕਿਆਂ ਵਿਚ ਭੀ ਮੁਢਲੀ ਖੋਜ ਹੋਣੀ ਚਾਹੀਦੀ ਹੈ। ੧੯੩੫ ਵਿਚ ਰੂਸੀ ਸਰਕਾਰ ਵਲੋਂ ਇਕ ਫਾਈਲ ਮੈਨੂੰ ਭੇਜੀ ਗਈ ਸੀ ਜੋ ਕਿ ਬਾਕੂ ਦੇ ਇਕ ਸਿਖ ਗੁਰਦਵਾਰੇ ਨਾਲ ਸੰਬੰਧਤ ਸੀ, ਜਿਸ ਦੀਆਂ ਕੰਧਾਂ ਤੇ ਗੁਰਮੁਖੀ ਲਿਖੀ ਹੋਈ ਸੀ। ਇਹ ਗੁਰਦਵਾਰਾ ਬੰਗੇ ਦੇ ਇਕ ਉਦਾਸੀ ਸਾਧੂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ੧੭੦੪ ਈਸਵੀ ਵਿਚ ਉਥੇ ਬਣਵਾਇਆ ਸੀ।

ਅਜਿਹੀ ਖੋਜ ਕਰਨ ਅਤੇ ਇਕੱਤਰ ਹੋਣ ਵਾਲੇ ਮਸੌਦੇ ਨੂੰ ਸੰਪਾਦ ਕਰਨ ਲਈ ਮੈਂ ਆਪਣੀ ਸੇਵਾ ਤੁਹਾਨੂੰ ਸੌਂਪਦਾ ਹਾਂ।

ਸ਼ੁਭਚਿੰਤਕ,

ਮਿਤੀ ੭-੨-੬੯.

ਨਾਹਰ ਸਿੰਘ ਐਮ. ਏ..

੨੪/੩੦, ਸ਼ਕਤੀ ਨਗਰ, ਦਿੱਲੀ-੭.

—o—

ਗਿਆਨੀ ਕੇਹਰ ਸਿੰਘ ਪੰਡਿਤ ਰਾਜਪੁਰਾ ਵਲੋਂ ਪੁਜੀ ਪਤ੍ਰਿਕਾ ਇਸ ਪਰਕਾਰ ਹੈ :—

ਸ੍ਰ: ਭਾਨ ਸਿੰਘ, ਤੁਹਾਡੀ ਪਤ੍ਰਕਾ ਦੇ ਸਬੰਧ ਵਿਚ ਬਿਨੈ ਹੈ ਕਿ ਮੈਂ ਪੰਜਾਬ ਤੋਂ ਬਾਹਰ ਬਿਹਾਰ ਵਿਚ ਕਾਫੀ ਵਿਚਰਿਆ ਹਾਂ। ਬਿਹਾਰ ਸੂਬਾ ੭੫ ਫੀ ਸਦੀ ਗੁਰੂ ਨਾਨਕ ਪੰਥੀ ਹੈ। ਸ੍ਰੀ ਪਟਨਾ ਸਾਹਿਬ ਸ਼ਹਿਰ ਵਿਚ ਪੰਦਰਾਂ ਅਸਥਾਨ ਹਨ। ਦਿਹਾਤ ਵਿਚ ਕਈ ਦਸਵੀਂ ਤਕ ਸਕੂਲ ਤੇ ਦੋ ਕਾਲਜ ਭੀ ਹਨ। ਮਹਾਰਾਜ ਪੂਰਨੀਆ ਬੜਾ ਕਟੜ ਗੁਰੂ ਨਾਨਕ ਪੰਥੀ ਹੈ। ਮੈਨੂੰ ਵਿਚਾਰਾਂ ਕਰਨ ਦਾ ਮੌਕਾ ਮਿਲਿਆ ਹੈ। ਰਾਨੀਪੁਰ ਤੇ ਲਖਮੀ ਪੁਰ, ਦੋ ਨਗਰ ਕੇਸਾਧਾਰੀ ਬਿਹਾਰੀ ਸਿੰਘਾਂ ਦੇ ਹਨ। ਦੋ ਨਗਰ ਮੁਜ਼ਫਰਪੁਰ ਦੇ ਪਾਸ ਬਿਹਾਰੀ ਕੇਸਾਧਾਰੀ ਸਿੰਘਾਂ ਦੇ ਹਨ। ਇਨ੍ਹਾਂ ਪਿੰਡਾਂ ਚੋਂ ਹੀ ਭਾਈ ਸੁਖਾ ਸਿੰਘ ਜੀ ਨੇ ਗੁਰਬਿਲਾਸ ਪਾ: ੧੦ ਲਿਖਿਆ। ਇਹ ਸ੍ਰੀ ਤਖਤ ਪਟਨਾ ਸਾਹਿਬ ਜੀ ਦੇ ਹੈਡ ਗ੍ਰੰਥੀ ਸਾਹਿਬ ਹੋਏ ਹਨ। ਜ਼ਿਲਾ ਗਯਾ ਵਿਚ ਗੁਰੂ ਨਾਨਕ ਪੰਥੀਆਂ ਦੇ ਬੜੇ ਬੜੇ ਅਸਥਾਨ ਹਨ, ਜਿਨ੍ਹਾਂ ਪਿੰਡਾਂ ਦੇ ਨਾਮ ਮੈਂ ਹੁਣ ਭੁਲ ਗਿਆ ਹਾਂ। ਇਨ੍ਹਾਂ ਅਸਥਾਨਾਂ ਤੇ ਉਦਾਸੀ ਮਹਾਤਮਾ ਬਿਰਾਜ ਰਹੇ ਹਨ। ਰਾਜਗੀਰੀ ਵਿਚ ਭੀ ਦੋ ਤਿੰਨ ਡੇਰੇ ਹਨ, ਤੁਸੀਂ ਜਦੋਂ ਬਿਹਾਰੀਆਂ ਨਾਲ ਧਰਮ ਦੀਆਂ ਵਿਚਾਰਾਂ ਕਰੋਗੇ ਤਾਂ ਬਹੁਤ ਮੂਲ ਮੰਤਰ ਦਾ ਜਾਪ ਜਪਨ ਵਾਲੇ ਮਿਲਣਗੇ। ਜਦੋਂ ਮੈਂ ਪਟਨਾ ਸਾਹਿਬ ਸਾਂ, ਸ੍ਰ: ਗੁਰਦਿਆਲ ਸਿੰਘ ਜੀ ਮੈਨੇਜਰ ਦੀ ਤਰਫੋਂ ਪਟਨਾ ਸਾਹਿਬ ਵਲੋਂ ਸ਼ਰੋਮਣੀ ਕਮੇਟੀ ਦੀ ਜਨਰਲ ਮੀਟਿੰਗ ਵਿਚ ਬਿਹਾਰ ਵਿਚ ਸਿਖੀ ਪ੍ਰਚਾਰ ਬਾਰੇ ਭੇਜਿਆ ਸੀ, ਪਰ ਕਿਸੇ ਨੇ ਧਿਆਨ ਨਹੀਂ ਸੀ ਦਿਤਾ। ਧੰਨਬਾਦ ਵਿਚ ਜਦੋਂ ਸਿੱਖ ਅੰਤ੍ਰਰਾਸ਼ਟਰੀ ਕਾਨਫਰੰਸ ਨੂੰ ਸੁਝਾਓ ਦਿਤਾ ਸੀ ਕਿ ਸਹਿਜਧਾਰੀ ਕਾਨਫਰੰਸ ਤੇ ਕਿਸੇ ਬਿਹਾਰੀ ਨੂੰ ਪ੍ਰਧਾਨ ਬਨਾਓ। ਬਿਹਾਰੀ ਮਹੰਤਾਂ ਨੂੰ ਬੁਲਾਓ। ਬਿਹਾਰੀ ਗੁਰੂ ਨਾਨਕ ਪੰਥੀਆਂ ਵਿਚ ਪ੍ਰਚਾਰ ਦਾ ਸਾਧਨ ਬਨਾਉ, ਪਰ ਕਿਸੇ ਨੇ ਧਿਆਨ ਨ ਦਿਤਾ। ਬਿਹਾਰੀਆਂ ਦੀ ਜ਼ਬਾਨ ਹਿੰਦੀ ਨਾਲ ਮਿਲਦੀ ਹੈ। ਦੋ ਨਗਰ ਅਸਾਮੀ ਕੇਸਧਾਰੀ ਸਿੰਘਾਂ ਦੇ ਹਨ। ਗੁਹਾਟੀ ਦਾ ਅਸਾਮੀ ਸਿੰਘ ਵਕੀਲ ਵੀ ਹੈ। ਸੁਣਿਆ ਹੈ ਗੁਰੂ ਨਾਨਕ ਨੂੰ ਮੰਨਣ ਵਾਲੇ ਕਾਫੀ ਹਨ। ਅਸਾਮੀ ਜ਼ਬਾਨ ਹਿੰਦੀ ਨਾਲ ਨਹੀਂ ਮਿਲਦੀ। ਰਾਜਪੁਰੇ ਹੁਣ ਮੈਂ ਠਹਿਰਿਆ ਹੋਇਆ ਹਾਂ। ਪਾਕਿਸਤਾਨ ਵਿਚੋਂ ਜੋ ਸਹਿਜਧਾਰੀ ਸਿੰਘ ਆਏ ਹਨ ਉਨ੍ਹਾਂ ਦੀ ਉਲਾਦ ਸਿੱਖੀ ਤੋਂ ਦੂਰ ਜਾ ਰਹੀ ਹੈ। ਪੰਥ ਨੂੰ ਧਿਆਨ ਦੇਣਾ ਚਾਹੀਦਾ ਹੈ।

ਦਾਸ,
ਕੇਹਰ ਸਿੰਘ ਗਿਆਨੀ,
੧੯-੮-੬੮.

—o—

ਭਾਈ ਅਮਰ ਸਿੰਘ ਜੀ ਖਾਲਸਾ ਵਲੋਂ ਪੁਜੀ ਪਤ੍ਰਿਕਾ ਇਸ ਪਰਕਾਰ ਹੈ :-

ਸ੍ਰੀ ਮਾਨ ਇੰਚਾਰਜ ਸਾਹਿਬ, ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਜੀਓ,

ਵਾਹਿਗੁਰੂ ਜੀ ਕਾ ਖਾਲਸਾ,

ਵਾਹਿਗੁਰੂ ਜੀ ਕੀ ਫਤਹ ਹੈ।

ਚਿਠੀ ਨੰ: ੫੧੧੩੫, ਮਿਤੀ ੩-੨-੬੯ ਲਈ ਧੰਨਵਾਦੀ ਹਾਂ। ਇਸ ਦੇ ਨਾਲ ਸ੍ਰੀ ਮਾਨ ਗਿਆਨੀ ਫੌਜਾ ਸਿੰਘ ਵਲੋਂ ਸਾਰੇ ਹਿੰਦੁਸਤਾਨ ਵਿਚ ਨਾਨਕ ਪੰਥੀਆਂ ਬਾਰੇ ਦਿਤੀ ਰੀਪੋਰਟ ਕਾਫ਼ੀ ਤਫ਼ਸੀਲ ਦੇਂਦੀ ਹੈ।

ਦਾਸ ਸਾਰਾ ਹਿਦੋਸਤਾਨ ਤੇ ਸੰਸਾਰ ਭਰ ਛੇ ਸੱਤ ਵਾਰੀ ਬਾਹਰ ਜਾਨ ਕਰਕੇ ਜੋ ੧੦੦ ਕੁ ਦੇਸ਼ਾਂ ਵਿਚ ਪ੍ਰਚਾਰ ਲਈ ਪੁਜਾ ਹੈ, ਮਿਲੀ ਜਾਣਕਾਰੀ ਕਰਕੇ ਹੇਠ ਲਿਖੀ ਬੇਨਤੀ ਕਰਦਾ ਹਾਂ :—

੧—ਯੂ : ਪੀ : ਵਿਚ ਗੋਰਖਪੁਰ ਤੇ ਬਸਤੀ ਦੇ ਜ਼ਿਲਿਆਂ ਵਿਚ ਭਾਰੀ ਗਿਣਤੀ ਵਿਚ ਨਾਨਕ ਪੰਥੀ ਹਨ। ਗੋਰਖਪੁਰ ਜ਼ਿਲੇ ਵਿਚ ਘੁਗਲੀ ਸ਼ੂਗਰ ਮਿਲ ਦੇ ਮਾਲਕ ਲਾਲਾ ਕੇਸਰ ਮਲ ਨਾਰੰਗ ਹਨ, ਜਿਨ੍ਹਾਂ ਦੇ ਸਗੇ ਛੋਟੇ ਭਾਈ ਸਰ ਡਾਕਟਰ ਗੋਕਲ ਚੰਦ ਜੀ ਨਾਰੰਗ ਹਨ, ਜਿਨ੍ਹਾਂ ਦੀ ਪੁਸਤਕ ਪ੍ਰਸਿਧ ਟਰਾਂਸਫਾਰਮੇਸ਼ਨ ਔਫ਼ ਸਿਖ ਇਜ਼ਮ ਹੈ। ਆਪ ਜੀ ਦੇ ਸਾਲੇ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਦੀ ਪ੍ਰਧਾਨਗੀ ਵਿਚ ਪੂਰਬੀ ਅਵੱਧ ਧਰਮ ਪ੍ਰਚਾਰ ਦੀਵਾਨ ਕਈ ਸਾਲ ੧੯੪੦ ਤਕ ਪ੍ਰਚਾਰ ਕਰਦਾ ਰਿਹਾ ਹੈ। ਦਾਸ ਭੀ ਇਨ੍ਹਾਂ ਦੇ ਬੁਲਾਵੇ ਤੇ ਡੇਹਰਾਦੂਨ ਤੋਂ ਜਾ ਕੇ ਪ੍ਰਚਾਰ ਕਰਦਾ ਹੈ। ਪ੍ਰਚਾਰ ਬੰਦ ਹੋ ਜਾਣ ਪਰ ਉਨ੍ਹਾਂ ਦੀ ਸਾਰ ਨਹੀਂ ਲਈ ਗਈ। ਭਾਈ ਸਾਹਿਬ ਜੀ ਸਚ ਖੰਡ ਚਲੇ ਗਏ ਹਨ। ਨਾਰੰਗ ਸਾਹਿਬ ਦੀਆਂ ਏਧਰ ਤਿੰਨ ਸ਼ੂਗਰ ਮਿਲਾਂ ਹਨ, ਘੁਗਲੀ, ਨਵਾਬਗੰਜ ਤੇ ਬਸਤੀਜਨ ਵਿਚ ਗੁਰਦੁਆਰੇ ਹਨ ਤੇ ਗੁਰਪੁਰਬ ਚੰਗੀ ਤਰ੍ਹਾਂ ਮਨਾਂਦੇ ਹਨ।

੨—ਦਾਸ ਦੱਖਣ ਕਈ ਵਾਰੀ ਗਿਆ ਹੈ। ਸ੍ਰੀ ਹਜ਼ੂਰ ਸਾਹਿਬ ਜੀ ਦੇ ਨੇੜੇ ੫੦ ਤੋਂ ੧੦੦ ਮੀਲ ਦੇ ਏਰੀਏ ਵਿਚ ਕਾਫੀ ਵਸੋਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਧਾਲੂ ਹੈ, ਪਰ ਕੇਸਾਧਾਰੀ ਕੋਈ ਕੋਈ ਵਿਰਲਾ ਹੈ। ਸ੍ਰੀ ਹਜ਼ੂਰ ਸਾਹਿਬ ਵਿਚ ਪ੍ਰਚਾਰ ਸੈਂਟਰ ਕਾਇਮ ਹੋ ਕੇ ਉਸ ਇਲਾਕੇ ਦੀ ਸਿਖੀ ਨੂੰ ਪਕਿਆਂ ਰਖ ਸਕੀਦਾ ਹੈ।

੩—ਦਖਣ ਵਿਚ 'ਰਾਮੇਸ਼ਵਰਮ' ਬਹੁਤ ਭਾਰੀ ਹਿੰਦੂ ਤੀਰਥ ਸ੍ਰੀ ਰਾਮਚੰਦਰ ਜੀ ਮਹਾਰਾਜ ਦੀ ਯਾਦ ਵਿਚ ਹੈ। ਉਥੇ ਸ੍ਰੀ ਮਾਨ ਸੰਤ ਤੇਜਾ ਸਿੰਘ ਜੀ ਡਬਲ ਐਮ. ਏ, ਮਸਤੂਆਨਾ ਵਾਲਿਆਂ ਵਲੋਂ ਇਕ

ਉਨ੍ਹਾਂ ਦਾ ਪ੍ਰੇਮੀ ਕਈ ਸਾਲ ਪ੍ਰਚਾਰ ਕਰਦਾ ਰਿਹਾ। ਉਸ ਦਾ ਡੇਰਾ ਭੀ ਮੈਂ ੧੯੫੩ ਵਿਚ ਵੇਖਿਆ, ਉਸ ਦੇ ਚੜ੍ਹਾਈ ਕਰ ਜਾਣ ਪਿਛੋਂ ਪ੍ਰਚਾਰ ਨ ਵਧ ਸਕਿਆ।

੪—ਸ੍ਰੀ ਮਾਨ ਸੰਤ ਤੇਜਾ ਸਿੰਘ ਜੀ ਨੇ ਰਾਣੀ ਜ਼ਿਲਾ ਅਰਨਾਕੁਲਮ (ਕੇਰਾਲਾ) ਦੇ ਦੋ ਪ੍ਰਵਾਰ ਸਿਖ ਸਜਾਏ ਸਨ, ਉਹ ਕੇਸਾਧਾਰੀ ਹਨ। ਮੈਂ ਸੰਤ ਸਾਹਿਬ ਜੀ ਵਲੋਂ ਉਨ੍ਹਾਂ ਦੀ ਸਾਰ ਲੈਣ ਤੇ ਉਤਸ਼ਾਹ ਵਧਾਣ ਲਈ ਆਖੀਰ ੧੯੬੫ ਵਿਚ ਗਿਆ ਸੀ, ਉਹ ਚੰਗੇ ਸਿਖ ਹਨ ਤੇ ਸਾਰੇ ਇਲਾਕੇ ਵਿਚ ਸਤਿਕਾਰੇ ਜਾਂਦੇ ਹਨ। ਲਿਟਰੇਚਰ ਮੈਂ ਕਾਫੀ ਭੇਜਿਆ ਹੈ, ਆਪਣੀ ਵਿਤ ਅਨੁਸਾਰ ਉਸ ਇਲਾਕੇ ਵਿਚ ਭੀ ਪ੍ਰਚਾਰ ਵਧ ਸਕਦਾ ਹੈ। ਇਹ ਲੋਕ ਕੇਸਾਧਾਰੀ ਘਟ ਹੋਣਗੇ, ਪਰ ਵਿਚਾਰ ਜਲਦੀ ਹੀ, ਈਸਾਈ ਧਰਮ ਨਾਲੋਂ ਜਿਸ ਦਾ ਪ੍ਰਚਾਰ ਬਹੁਤ ਹੈ, ਗੁਰੂ ਘਰ ਦਾ ਅਪਨਾ ਲੈਣਗੇ।

੫—'ਬੰਗਲੋਰ' ਦੱਖਣ ਦਾ ਬਹੁਤ ਭਾਰੀ ਤੇ ਹਰ ਪ੍ਰਾਂਤ ਵਿਚੋਂ ਵਸੇ ਹੋਏ ਭਾਰਤੀਆਂ ਦਾ ਸ਼ਹਿਰ ਹੈ, ਉਥੋਂ ਦੀ ਸਿੰਘ ਸਭਾ ਚੰਗੀ ਪ੍ਰਸਿਧ ਹੈ। ਇਸ ਸ਼ਹਿਰ ਦੇ ਇਰਦ ਗਿਰਦ ਦੇ ਲੋਕੀ ਸਿੱਖ ਗੁਰੂ ਸਾਹਿਬਾਨ ਜੀ ਪਰ ਸ਼ਰਧਾ ਰਖਦੇ ਹੋਏ ਵੇਖੇ ਹਨ, ਮੈਂ ਇਸ ਸ਼ਹਿਰ ਵਿਚ ਡੇਢ ਮਹੀਨਾ ਲਾਇਆ ਤੇ ਗੁਰਦੁਆਰਾ ਸਾਹਿਬ ਤੋਂ ਬਾਹਰ ਕੋਈ ਪਚਾਸ ਲੈਕਚਰ ਕਾਲਜਾਂ, ਹਾਈ ਸਕੂਲਾਂ, ਕਲਬਾਂ ਤੇ ਹਾਈਕੋਰਟ ਵਿਚ ਕੀਤੇ। ਇਲਾਕੇ ਵਿਚ ਲੋਕੀ ਦੋਨੋਂ ਹੱਥ ਜੋੜ ਕੇ ਮਿਲਣ ਸਮੇਂ ਸਤਿਕਾਰ ਕਰਦੇ ਹਨ। ਸ੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਇਸ ਸ਼ਹਿਰ ਵਿਚ ਸਾਰੇ ਦਖਣ ਲਈ ਦੂਜਾ ਪ੍ਰਚਾਰ ਸੈਂਟਰ ਕਾਇਮ ਕੀਤਾ ਜਾਵੇ।

੬—ਕੋਚੀਨ ਵਿਚ ਸਮੁੰਦਰੀ ਬੇੜਾ ਸਾਡੀ ਸਰਕਾਰ ਦਾ ਸੈਂਟਰ ਹੈ। ਕਾਫੀ ਸਿਖ ਨੇਵੀ ਵਿਚ ਅਫਸਰ ਤੇ ਜਵਾਨ ਹਨ। ਉਥੇ ਦਾਸ ਨੂੰ ਇਕ ਉਸੇ ਇਲਾਕੇ ਦੇ ਜਮ ਪਲ ਸ੍ਰ: ਜੋਗਿਦਰ ਸਿੰਘ ਬਜਾਨ ਅਸਿਸਟੈਂਟ ਕੁਲੈਕਟਰ ਲਗੇ ਹੋਏ ਮਿਲੇ। ਉਨ੍ਹਾਂ ਦਾ ਵਿਚਾਰ ਸੀ ਕਿ ਈਸਾਈ ਧਰਮ ਏਧਰ ਕੇਵਲ ਪ੍ਰਚਾਰ ਕਰਕੇ ਵਧ ਗਿਆ ਹੈ ਪਰ ਇਨ੍ਹਾਂ ਲੋਕਾਂ ਦੀ ਸਭਯਤਾ ਸੰਸਕ੍ਰਿਤੀ ਸਨਾਤਨ ਧਰਮ ਨਾਲ ਮਿਲਦੀ ਹੈ ਤੇ ਬ੍ਰਾਹਮਣਾਂ ਦੇ ਤੰਗ ਕਰਨ ਪਰ ਇਹ ਈਸਾਈ ਹੋ ਰਹੇ ਹਨ, ਸਿੱਖੀ ਵਲ ਇਹ ਬਹੁਤ ਜਲਦੀ ਆ ਸਕਦੇ ਹਨ, ਖਾਸ ਕਰਕੇ ਜੇ ਕੇਸਾਧਾਰੀ ਹੋਣ ਲਈ ਪਹਿਲੋਂ ਜ਼ੋਰ ਨਾ ਦਿਤਾ ਜਾਵੇ।

੭—ਰਾਸ ਕੁਮਾਰੀ ਵਿਚ ਮਹਾਤਮਾਂ ਗਾਂਧੀ ਤੇ ਖਾਸ ਕਰਕੇ ਸਵਾਮੀ ਵਿਵੇਕਾ ਨੰਦ ਜੀ ਦੀਆਂ ਬਹੁਤ ਭਾਰੀ ਖਰਚ ਨਾਲ ਯਾਦਗਾਰਾਂ ਬਣ ਰਹੀਆਂ ਵੇਖੀਆਂ। ਇਥੇ ਇਕ ਮਾਈ ਨੇ ਚੰਗਾ ਅਸਥਾਨ ਆਏ ਗਏ ਦਰਸ਼ਕਾਂ ਲਈ ਬਣਾਇਆ ਹੋਇਆ ਹੈ। ਲੰਗਰ ਭੀ ਦਿੰਦੀ ਹੈ, ਜਿਸ ਕਰਕੇ ਉਸਦੀ ਆਮਦਨ ਜ਼ਿਆਦਾ ਹੈ। ਉਹ ਸਨਾਤਨੀ ਵਿਚਾਰਾਂ ਦੀ ਹੈ ਪਰ ਗੁਰੂ ਸਾਹਿਬਾਨ ਪਰ ਸ਼ਰਧਾ ਰਖਦੀ ਹੈ। ਉਸ ਦੀ ਮਿਲਵਰਤਨ ਨਾਲ ਇਲਾਕੇ ਵਿਚ ਪ੍ਰਚਾਰ ਹੋ ਸਕਦਾ ਹੈ, ਲੋਕੀ ਈਸਾਈ ਬਣਾਏ ਜਾ ਰਹੇ ਹਨ।

੮—ਆਂਧਰਾ ਤੇ ਤਾਮਲ ਨਾਡੂ ਪ੍ਰਾਂਤਾਂ ਦਾ ਦਾਸ ਨੇ ਚੰਗੀ ਤਰ੍ਹਾਂ ਪ੍ਰਚਾਰ-ਟੂਰ ਕੀਤਾ ਹੈ। ਕਾਫੀ ਚੰਗੇ ਸਫਲ ਵਪਾਰੀ ਸਿੱਖ ਵੱਸ ਗਏ ਹਨ। ਗੁਰਦੁਆਰੇ ਕਾਫੀ ਬਣ ਗਏ ਹਨ। ਇਹ ਇਲਾਕਾ ਭੀ ਬੰਗਲੌਰ ਪ੍ਰਚਾਰ ਸੈਂਟਰ ਅੰਦਰ ਰਖ ਲਿਆ ਜਾਵੇ। ਸਾਊਥ ਦੀਆਂ ਦੋਹਾਂ ਹੀ ਜ਼ਬਾਨਾਂ ਵਿਚ ੨੩-੧੧-੬੯ ਨੂੰ ਭਾਰੀ ਗਿਣਤੀ ਵਿਚ ਦੋ ਦੋ ਜਾਂ ਚਾਰ ਚਾਰ ਪੰਨੇ ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਫੋਟੋ ਸਹਿਤ ਛਪਵਾ ਕੇ ਵੰਡਵਾਇਆ ਜਾਵੇ। ਇਹ ਬਹੁਤ ਜ਼ਰੂਰੀ ਹੈ। ਅਗੋਂ ਸਾਰੇ ਦੱਖਣ ਵਿਚ ਸਿੱਖੀ ਵੇਖੀ ਜਾ ਸਕੇਗੀ।

੯—ਨੈਪਾਲ ਵਿਚ ਭੀ ੫ ਪਿੰਡ ਪੁਰਾਣੀ ਸਿੱਖ ਵਸੋਂ ਦੇ ਹਨ, ਜੋ ਸਭ ਨਾਨਕ ਪੰਥੀ ਹਨ। ਉਨ੍ਹਾਂ ਦੇ ਨਾਮ ਮੈਂ ਜਲਦੀ ਲਿਖ ਭੇਜਾਂਗਾ। ਖਟਮੰਡੂ ਤੇ ਹੋਰ ਕਈ ਸ਼ਹਿਰਾਂ ਵਿਚ ਸਿਖ ਸਫਲ ਵਿਉਪਾਰ ਤੇ ਖਾਸ ਕਰਕੇ ਟਰਾਂਸਪੋਰਟ ਦਾ ਕਮ ਕਰ ਰਹੇ ਹਨ, ਉਹ ਹਰ ਤਰ੍ਹਾਂ ਪ੍ਰਚਾਰ ਸੈਂਟਰ ਕਾਇਮ ਹੋਣ ਨਾਲ ਤਨ, ਮਨ, ਧਨ ਨਾਲ ਇਮਦਾਦ ਦੇਣਗੇ। ਗੁਰਦਵਾਰੇ ਭੀ ਕਾਇਮ ਹੋ ਗਏ ਹਨ।

ਇਸ ਦੇ ਨਾਲ ਲਗਦੇ ਭੂਟਾਨ ਤੇ ਸਿੱਕਮ ਵਿਚ ਭੀ ਜੋ ਤਿੱਬਤੀ ਵੱਸ ਰਹੇ ਹਨ। ਉਹ ਸਭ ਗੁਰੂ ਨਾਨਕ ਦੇਵ ਜੀ ਮਹਾਰਾਜ ਪੁਰ ਸ਼ਰਧਾ ਰਖਦੇ ਹਨ, ਤੇ ਗੁਰੂ ਸਾਹਿਬ ਜੀ ਦੀ ਫੋਟੋ ਵੇਖ ਕੇ ਬੜੀ ਸ਼ਰਧਾ ਨਾਲ ਸਿਰ ਝੁਕਾ ਦਿੰਦੇ ਹਨ। ਹੱਥ ਵਿਚ ਘੁੰਮਦਾ ਹੋਇਆ ਚੱਕਰ ਜੋ ਸਿਮਰਨੇ ਦਾ ਕੰਮ ਦਿੰਦਾ ਹੈ, ਰਖਣ ਵਾਲੇ ਖਾਸ ਕਰਕੇ ਗੁਰੂ ਨਾਨਕ ਸਾਹਿਬ ਜੀ ਦੇ ਸ਼ਰਧਾਲੂ ਹੁੰਦੇ ਹਨ।

੧੦—ਦੇਸ਼ ਦੀ ਵੰਡ ਤੋਂ ਪਹਿਲੋਂ ਸਿਧੀ ਹਿੰਦੂ ਨਹੀਂ ਸਨ। ਨਾਨਕ ਪੰਥੀ ਹੀ ਗਿਣੇ ਜਾਂਦੇ ਸਨ, ਉਸ ਪ੍ਰਾਂਤ ਵਿਚ ਹਿੰਦੂ ਸਭਾ ਜਾਂ ਆਰਯਾ ਸਮਾਜ ਸਫਲ ਨਾ

ਹੋ ਸਕੀ । ਵਡੇ ਸ਼ਹਿਰਾਂ ਤੋਂ ਇਲਾਵਾ ਕਸਬਿਆਂ ਵਿਚ ਗੁਰਦੁਆਰੇ ਹਨ, ਜਿਨ੍ਹਾਂ ਨੂੰ ਇਹ ਗੁਰੂ ਦਰਬਾਰ ਵੀ ਕਹਿੰਦੇ ਹਨ। ਦੇਸ਼ ਦੀ ਵੰਡ ਪਿਛੋਂ ਇਹ ਸਾਰੇ ਦੇਸ਼ ਵਿਚ ਕੇਸਾਧਾਰੀ ਸਿੱਖਾਂ ਵਾਂਗ ਫੈਲ ਗਏ ਹਨ। ਵਖਰੇ ਵਖਰੇ ਗੁਰਦੁਆਰੇ ਕਾਇਮ ਕੀਤੇ ਹਨ, ਜਿਨ੍ਹਾਂ ਵਿਚ ਹਿੰਦੂ ਮਤ ਦਾ ਭੀ ਪ੍ਰਚਾਰ ਹੁੰਦਾ ਹੈ, ਪਰ ਮੂਲ ਭਗਤੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ। ਸਵੇਰੇ ਸ੍ਰੀ ਆਸਾ ਜੀ ਦੀ ਵਾਰ ਤੇ ਸ਼ਾਮ ਨੂੰ ਸ੍ਰੀ ਰਹਰਾਸਿ ਤੇ ਆਰਤੀ ਕਰਦੇ ਹਨ।

੧੧—ਹਿੰਦੁਸਤਾਨ ਤੋਂ ਬਾਹਰ ਸਿੱਖਾਂ ਤੋਂ ਦੂਜੇ ਨੰਬਰ ਪਰ ਇਹ ਵਸ ਰਹੇ ਭਾਰਤੀ ਹਨ। ਸਿਖ ਜੋ ਕੰਮ ਮਿਲੇ ਕਰ ਰਹੇ ਹਨ, ਪਰ ਇਹ ੯੫ ਫੀ ਸਦੀ ਕਪੜੇ ਦਾ ਵਿਉਪਾਰ ਕਰਦੇ ਹਨ, ਮਜ਼ਦੂਰੀ ਕਰਦਾ ਕੋਈ ਨਹੀਂ ਡਿੱਠਾ। ਟਾਵੇਂ ਟਾਵੇਂ ਤਾਂ ਬਹੁਤ ਦੇਸ਼ਾਂ ਵਿਚ ਹਨ ਪਰ ਜਿਨ੍ਹਾਂ ਸੰਸਾਰ ਪ੍ਰਸਿੱਧ ਸ਼ਹਿਰਾਂ ਵਿਚ ਏਹ ਚੰਗੀ ਗਿਣਤੀ ਵਿਚ ਡਿਠੇ ਹਨ । ਜ਼ਕਾਰਤਾ (ਇੰਡੋਨੇਸ਼ੀਆ), ਮਲਾਇਆ ਕੋਲੰਬੂ, ਸਿੰਘਾਪੁਰ, ਪੀਨਾਂਗ ਰੰਗੂਨ, ਸੈਗਾਉਂ, ਹੈਨੋਈ, ਹਾਂਗ ਕਾਂਗ, ਮਨੀਲਾ, ਹਵਾਈ, ਟੋਕੀਓ, ਕੋਬੇ, ਨੀਸੂ ਧਾਰਨ, ਪਾਨਾਮਾ, ਟਰਿਨੀ, ਦਾਦ, ਅਦਨ, ਬਗਦਾਦ, ਨੈਰੋਬੀ, ਮੰਬਾਸਾ, ਰੱਯਾਦ, ਤੰਜੌਰ, ਜਬਰਾਲਟਰ, ਹੈਮਬਰਗ, ਲੰਡਨ ਆਦਿ ਹਨ, ਜਿਥੇ ਗੁਰਦੁਆਰੇ ਹਨ। ਇਹ ਇਮਦਾਦ ਕਰਦੇ ਹਨ। ਸੰਗਰਾਂਦ ਚੰਗੀ ਤਰ੍ਹਾਂ ਮਨਾਂਦੇ ਹਨ, ਲੰਗਰ ਚਲਦੇ ਹਨ । ਗੁਰਬਾਣੀ ਦੇ ਗੁਟਕੇ ਸਿੰਧੀ ਜ਼ਬਾਨ ਵਿਚ ਬਹੁਤ ਮਿਲਦੇ ਹਨ ਜਿਸ ਦੀ ਲਿਪੀ ਉਰਦੂ ਹੈ। ਇਹ ਸੈਂਕੜੇ ਪਰਵਾਰ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਦੇ ਪ੍ਰਚਾਰ ਨਾਲ ਕੇਸਾਧਾਰੀ ਹੋ ਗਏ ਸਨ, ਪਰ ਦੇਸ਼ ਦੀ ਵੰਡ ਪਿਛੋਂ ਕੇਸਾਧਾਰੀ ਨਹੀਂ ਵੱਧ ਰਹੇ, ਸਗੋਂ ਹਿੰਦੂ ਮਤ ਨਾਲ ਮਿਲਗੋਭਾ ਹੁੰਦੇ ਜਾ ਰਹੇ ਹਨ। ੫੦੦ ਸਾਲਾ ਪ੍ਰਕਾਸ਼ ਉਤਸਵ ਕਮੇਟੀ ਵਿਚ ਇਕ ਦੋ ਨਾਮੀ ਸਿੰਧੀ ਲੈ ਲੀਤੇ ਜਾਣ ਤੇ ੨੩-੧੧-੬੯ ਦੇ ਦਿਨ ਸਾਰੇ ਸੰਸਾਰ ਵਿਚ ਇਹ ਲੱਖਾਂ ਨਾਨਕ ਪੰਥੀ ਸਿਖ ਸ਼ਾਮਲ ਹੋਣ ਤਾਂ ਕਿ ਇਹ ਮਰਦਮ ਸ਼ੁਮਾਰੀ ਵਿਚ ਸਿਖ ਹੀ ਲਿਖਵਾਇਆ ਕਰਨ। ਇਨ੍ਹਾਂ ਵਿਚ ਪ੍ਰਚਾਰ ਦੀ ਖਾਸ ਲੋੜ ਹੈ। ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੇ ਸਚੇ ਆਸ਼ਕ ਤੇ ਗੁਰੂ ਨਾਨਕ ਸਾਹਿਬ ਦੇ ਬਹੁਤ ਸ਼ਰਧਾਲੂ ਹੁੰਦੇ ਹਨ। ਉਤਰ ਪ੍ਰਦੇਸ਼ ਦੇ ਪਹਾੜੀ ਇਲਾਕੇ ਵਿਚ ਬਹੁਤ ਸਾਰੇ ਪਹਾੜਾਂ ਪਰ ਗੁਰਦੁਆਰੇ ਕਾਇਮ ਹਨ ਤੇ ਹੋ ਰਹੇ ਹਨ। ਕਲਕਤਾ, ਮਸੂਰੀ, ਲੈਨਸ-ਡੋਨ, ਨੈਨੀਤਾਲ, ਕਾਠਗੋਦਾਮ, ਅਲਮੋੜਾ, ਰਿਖੀ ਕੇਸ਼ ਆਦਿ ਵਿਖੇ ਕਾਇਮ ਹਨ। ਇਨ੍ਹਾਂ ਦੀਆਂ ਘਰ ਵਾਲੀਆਂ, ਬਚੇ, ਕਿਤੇ ਕਿਤੇ ਗੁਰੂ ਨਾਨਕ ਸਾਹਿਬ ਜੀ ਪਰ ਸ਼ਰਧਾ ਰਖਦੇ ਹਨ। ਇਹ ਲੋਕ ਤੰਬਾਕੂ ਦਾ ਸੇਵਨ ਬਹੁਤ ਕਰਦੇ ਹਨ, ਪਰ ਇਸ

ਇਲਾਕੇ ਵਿਚ ਝੂਠ ਬੋਲਨਾ ਤੇ ਚੋਰੀ ਬਹੁਤ ਹੀ ਘੱਟ ਹੈ। ਸਿਖ ਦੀ ਇਜ਼ਤ ਬਹੁਤ ਕਰਦੇ ਹਨ। ਗੁਰੂ ਜੀ ਕਹਿ ਕੇ ਪੁਕਾਰਦੇ ਹਨ।

੫੦੦ ਸਾਲਾ ਦੀ ਚੰਗੀ ਯਾਦਗਾਰ ਇਹ ਹੋਵੇਗੀ ਕਿ ਸ਼ਰੋਮਣੀ ਗੁ: ਪ੍ਰ: ਕਮੇਟੀ ਤਿਨ ਚਾਰ ਨਵੇਂ ਪ੍ਰਚਾਰ ਸੈਂਟਰ ਉਪਰ ਦਸੇ ਥਾਵਾਂ ਪਰ ਕਾਇਮ ਕਰੇ। ਦਖਣ ਦੇ ਇਲਾਕੇ ਦੇ ਪਚਾਰਕ ਅੰਗਰੇਜ਼ੀ ਹੱਛੀ ਬੋਲਨੀ ਲਿਖਨੀ ਜਾਣਦੇ ਹੋਣ, ਤਾਂ ਜ਼ਿਆਦਾ ਲਾਭ ਪੁਜੇਗਾ।

ਗੁਰੂ ਪੰਥ ਦਾਸ,
ਡਾਕਟਰ ਅਮਰ ਸਿੰਘ 'ਖਾਲਸਾ'